ISSN 0972-2335

# ਅੰਮ੍ਰਿਤ ਕੀਰਤਨ

ਈ-ਮੈਗਜ਼ੀਨ | E-Magazine




## ਦਿਸੰਬਰ ੨੦੨੪

**ਸੰਪਾਦਕ**

**ਡਾ. ਜਾਗੀਰ ਸਿੰਘ**



## ਦਰਸ਼ਨਾਂ ਦੀ ਤਾਂਘ

ਦੱਸੀਂ ਦੱਸੀਂ ਐ ਖੜੇ ਅਸਮਾਨ ਸਿਰ ਤੇ,
ਕੱਦ ਤੱਕ ਏਸ ਸਿਰ ਤੇ ਤੂਫ਼ਾਨ ਰਹਿਸੀ।

ਕੱਦ ਤੱਕ ਇਹ ਬ੍ਰਿਹਾ ਦਾ ਤੀਰ ਸੀਨਾਂ,
ਮਾਹੀ ਚਾਕ ਬਿਨ ਰੱਖੀ ਨਿਸ਼ਾਨ ਰਹਿਸੀ।

ਕੱਦ ਤੱਕ ਏ ਯਾਰ ਦੇ ਵਸਲ ਕਾਰਨ,
ਚੀਕਦੀ ਬੁੱਲ੍ਹਾਂ ਦਾਸਤਾਨ ਰਹਿਸੀ।

ਕੱਦ ਤੱਕ ਏ ਮਾਹੀ ਦੀਦਾਰ ਬਾਝੋਂ,
ਮੇਰੇ ਪ੍ਰੀਤਮਾਂ ਤੜਫਦੀ ਜਾਨ ਰਹਿਸੀ।

ਉਧਰੋਂ ਫਾੜ ਸੀਨਾ ਚਾਕ ਚਾਕ ਕਰਕੇ,
ਫੱਟ ਵੇਖ ਲੈ ਸੀਨੇ ਜੁਦਾਈਆਂ ਦੇ।

ਆਖਾਂ ਪ੍ਰੀਤਮਾਂ ਮੈਨੂੰ ਦੀਦਾਰ ਦੇ ਜਾਂ,
ਕੂੰਕਾਂ ਸੁਣ ਲੈ ਠੰਡੀਆਂ ਆਹੀਆਂ ਦੇ।

**ਪੁਸਤਕ - ਗੁੱਝੀਆਂ ਰਮਜ਼ਾਂ: ਕਵੀ ਸੁਰਗਵਾਸੀ ਸੰਤ ਸੰਤੋਖ ਸਿੰਘ**

# ਅੰਮ੍ਰਿਤ ਕੀਰਤਨ


**ਸੰਪਾਦਕ**

**ਡਾ. ਜਾਗੀਰ ਸਿੰਘ**

**ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀਐਚ.ਡੀ.**

**ਸਹਿਯੋਗੀ**

**ਸ. ਹਰਭਜਨ ਸਿੰਘ, ਸ. ਨਵਤੇਜ ਸਿੰਘ,**

**ਅਤੇ ਸ. ਅਰਸ਼ਦੀਪ ਸਿੰਘ**


- ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤੁ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

- 'ਅੰਮ੍ਰਿਤੁ ਕੀਰਤਨ' ਲਈ ਡਰਾਫਟ, ਮਾਇਕ ਸਹਾਇਤਾ, ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ:


**ਅੰਮ੍ਰਿਤੁ ਕੀਰਤਨ ਟ੍ਰਸਟ (ਰਜਿ.)**

**#422, ਸੈਕਟਰ 15-ਏ, ਚੰਡੀਗੜ੍ਹ [160015]**

**ਫੋਨ: 0172-2772660, +91-98140-53630**

**e-mail:** drjagirsingh@gmail.com
**Website:** http://www.amritkirtan.com


## ਇਸ ਅੰਗ ਵਿੱਚ


**ਸੰਪਾਦਕੀ: ਕਰਉ ਬੇਨੰਤੀਆ**

ਸ਼ਹੀਦਾਨ-ਏ-ਵਫ਼ਾ....3

**ਗੁਰੂ ਅੰਗਦ ਦੇਵ ਜੀ ਦਾ ਗੁਰਮਤਿ ਸੰਗੀਤ ਵਿੱਚ ਯੋਗਦਾਨ**

ਡਾ. ਗੁਰਨਾਮ ਸਿੰਘ....8

**ਗੁਰਮਤਿ ਕੀਰਤਨ ਭਗਤੀ**

ਡਾ. ਜਾਗੀਰ ਸਿੰਘ....14

**ਗੁਰੂ ਨਾਨਕ ਦੇਵ ਜੀ ਦੀ 'ਆਰਤੀ' ਬਾਣੀ: ਜਾਣ ਪਛਾਣ, ਇਤਿਹਾਸਕ ਅਤੇ ਸੰਗੀਤਕ ਪਖ**

ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ ਟੀਮ/ਡਾ. ਜਸਵੰਤ ਸਿੰਘ....33

**ਭਾਈ ਨਰਿੰਦਰ ਸਿੰਘ ਜੀ (ਬਨਾਰਸ ਵਾਲੇ)**

ਅਗਿਆਤ/Anonymous....54

**Bhai Raghbir Singh Diwana (Nairobi)**

Dr. Amardev Singh....72

**ਧੰਨ ਨਾਨਕ ਤੇਰੀ ਵਡੀ ਕਮਾਈ**

ਬਬਲੀ ਐਸ ਸਿੰਘ....80

**ਰਾਗ ਹੰਸਧੁਨੀ**

ਅਰਸ਼ਦੀਪ ਸਿੰਘ....85

**ਰਾਗ ਸਿਰੀ/ਸ੍ਰੀ**

ਪ੍ਰੋ. ਹਰਭਜਨ ਸਿੰਘ ਧਾਰੀਵਾਲ....87

**ਫਰਮਾਇਸ਼ੀ ਚਕਰਦਾਰ ਗਤਾਂ**

ਪ੍ਰੋ. ਹਰਭਜਨ ਸਿੰਘ ਧਾਰੀਵਾਲ....91



Donations to **AMRIT KIRTAN TRUST** (Unique Registration Number **AAATA1371JF19911**) Are eligible for relief u/s 11-Clause (i) of first proviso to sub-section (5) of section 80G date 07-04-2022 valid upto from AY 2022-23 to AY 2026-2027---- Cheques/Drafts should be sent in the name of **AMRIT KIRTAN TRUST** payable at Mohali. Donations can also be sent by money order at the address **AMRIT KIRTAN TRUST** (Regd.) 422, Sector 15-A, Chandigarh-160015. The Donations can be made by Electronic Transfer also. The bank details are: **AMRIT KIRTAN TRUST** Savings Bank A/c No. **65079603302**, IFSC: **SBIN0018141** in the State Bank of India, Phase 3B2, S.A.S Nagar (Mohali), Punjab Branch. After such a Deposit, please inform us your Aadhar No., Pan No. Name & Address as also the deposit details to enable us to send you the receipt.

# ਸ਼ਹੀਦਾਨ-ਏ-ਵਫ਼ਾ

ਜੋਗੀ ਅਲ੍ਹਾ ਯਾਰ ਖਾਂ ਦੀ ਸ਼ਾਇਰੀ ਨਾਲ ਮੇਰਾ ਪੁਰਾਣਾ ਵਾਸਤਾ ਹੈ। ਦਸਵੀਂ ਪਾਸ ਕਰਨ ਤੋਂ ਬਾਦ ਮੈਂ ਜਦੋ ਫਤਹਿ ਗੜ੍ਹ ਸਾਹਿਬ ਵਿਖੇ ਆ ਗਿਆ ਸਾਂ, ਤਾਂ ਮੈਂ ਕੁਝ ਸਮਾਂ ਬਸੀ ਪਠਾਣਾ ਦੇ ਰਾਗੀ ਗਿਆਨੀ ਪ੍ਰਤਾਪ ਸਿੰਘ ਨਾਲ ਬਤੌਰ ਸਹਾਇਕ ਰਾਗੀ ਕੀਰਤਨ ਕਰਦਾ ਰਿਹਾ ਹਾਂ।ਗਿਆਨੀ ਪ੍ਰਤਾਪ ਸਿੰਘ ਜੀ ਆਮ ਗੱਲ ਬਾਤ ਕਰਦਿਆਂ ਬਹੁਤ ਹਕਲਾਉਂਦੇ ਸਨ ਪਰ ਕੀਰਤਨ ਕਰਦਿਆਂ ਉਹ ਬਿਲਕੁਲ ਨਹੀਂ ਸੀ ਹਕਲਾਉਂਦੇ। ਕੀਰਤਨ ਵਿੱਚ ਵਿਆਖਿਆ ਉਹ ਕਮਾਲ ਦੀ ਕਰਦੇ ਸਨ। ਉਹਨਾਂ ਨਾਲ ਮੈਂ ਮਲੇਰਕੋਟਲਾ, ਸੰਗਰੂਰ, ਜੋਧਪੁਰ, ਜੈਪੁਰ, ਮੁਰਾਦਾਬਾਦ ਅਸਥਾਨਾਂ ਤੇ ਕੀਰਤਨ ਕਰਨ ਗਿਆ।ਉਹਨਾਂ ਨਾਲ ਹੀ ਸੰਤ ਭੂਰੀ ਵਾਲਿਆਂ ਵੱਲੋਂ ਕਾਰ ਸੇਵਾ ਲਈ ਮਾਇਆ ਇਕੱਤਰ ਹਿੱਤ ਕਸ਼ਮੀਰ ਦਾ ਟੂਰ ਵੀ ਕੀਤਾ। ਸਾਡੇ ਨਾਲ ਉਦੋਂ ਖੰਨੇ ਦੇ ਨੇੜਲੇ ਪਿੰਡ ਰਾਜੇਵਾਲ ਰੋਹਣੋ ਦੇ ਭਾਈ ਗੁਰਦੇਵ ਸਿੰਘ ਤਬਲਾ ਵਜਾਉਂਦੇ ਸਨ।

ਗਿਆਨੀ ਪ੍ਰਤਾਪ ਸਿੰਘ ਜੀ ਆਪਣੇ ਕੀਰਤਨ ਵਿੱਚ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਪ੍ਰਸੰਗ ਕਮਾਲ ਦੇ ਤਰੀਕੇ ਨਾਲ ਸੁਣਾਉਂਦੇ ਸਨ। ਉਹ ਕਈ ਵਾਰ ਸੰਗਤ ਨੂੰ ਪਹਿਲਾਂ ਹੀ ਕਹਿ ਦਿੰਦੇ ਸਨ ਕਿ ਆਪਣੇ ਰੁਮਾਲ ਕੱਢ ਲਵੋ ਅੱਜ ਆਪਾਂ ਬਹੁਤ ਵੈਰਾਗ ਵਿੱਚ ਆ ਜਾਣਾ ਹੈ। ਸਾਹਿਬਜ਼ਾਦਿਆਂ ਦੀ ਸ਼ਹੀਦੀ ਬਿਆਨ ਕਰਦਿਆਂ ਉਹ ਯੋਗੀ ਅਲਾ ਯਾਰ ਖਾਂ ਦੀ ਸ਼ਾਇਰੀ ਸੁਣਾਉਂਦਿਆਂ ਆਪ ਵੀ ਰੋਣ ਲੱਗਦੇ ਅਤੇ ਸੰਗਤਾਂ ਵੀ ਹੰਝੂ ਵਗਾਉਣ ਲਗਦੀਆਂ। ਉਹਨਾਂ ਵੱਲੋਂ ਸੁਣਾਏ ਜਾਂਦੇ ਕੁਝ ਬੰਦ ਅਜੇ ਵੀ ਮੇਰੇ ਚੇਤੇ ਵਿੱਚ ਵੱਸੇ ਹੋਏ ਹਨ।

ਛੋਟੇ ਸਾਹਿਬਜ਼ਾਦਿਆਂ ਦਾ ਪ੍ਰਸੰਗ ਸੁਣਾਉਂਦਿਆਂ ਉਹ ਜੋਗੀ ਜੀ ਦੀਆਂ ਇਹ ਸਤਰਾਂ ਗਾਉਂਦੇ:

ਠੋਡੀ ਤਕ ਈਂਟੇਂ ਚੁਨ ਦੀ ਗਈਂ ਮੂੰਹ ਤਕ ਆ ਗਈਂ।
ਬੀਨੀ ਕੋ ਢਾਂਪਤੇ ਹੀ ਵੁਹ ਆਖੋਂ ਪੇ ਛਾ ਗਈਂ।
ਅਰ ਚਾਂਦ ਸੀ ਜਬੀਨ ਕੋ ਘਨ ਸਾ ਲਗਾ ਗਈਂ।
ਲਖਤੇ ਜ਼ਿਗਰ ਗੁਰੂ ਕੇ ਵੁਹ ਦੋਨੋਂ ਛੁਪਾ ਗਈਂ।
ਜੋਗੀ ਜੀ ਇਸ ਕੇ ਬਾਅਦ ਹੁਈ ਥੋੜੀ ਦੇਰ ਥੀ।
ਬਸਤੀ ਸਰਹਿੰਦ ਸ਼ਹਿਰ ਕੀ ਈਂਟੋਂ ਕਾ ਢੇਰ ਥੀ।

ਸਾਹਿਬਜ਼ਾਦਾ ਅਜੀਤ ਸਿੰਘ ਦੀ ਬਹਾਦਰੀ ਬਾਰੇ ਗੁਰੂ ਜੀ ਆਖਦੇ ਹਨ:

ਸ਼ਾਬਾਸ਼ ਪਿਸਰ ਖ਼ੂਬ ਦਲੇਰੀ ਸੇ ਲੜੇ ਹੋ।
ਹਾਂ ਕਿਉਂ ਨਾ ਹੋ ਗੋਬਿੰਦ ਦੇ ਫਰਜ਼ੰਦ ਬੜੇ ਹੋ।----

ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਜੰਗ ਵਿੱਚ ਤੋਰਦਿਆਂ ਗੁਰੂ ਜੀ ਨੇ ਕਿਹਾ:

ਲੋ ਜਾਓ ਸਿਧਾਰੋ ਤੁਮੇਂ ਕਰਤਾਰ ਕੋ ਸੌਂਪਾ।
ਮਰ ਜਾਓ ਯਾ ਮਾਰੋ ਤੁਮੇ ਕਰਤਾਰ ਕੋ ਸੌਂਪਾ।
ਬੇਟਾ ਹੋ ਤੁਮ ਹੀ ਪੰਥ ਕੇ ਬੇੜੇ ਕੇ ਖਵੱਯਾ।
ਸਰ ਭੇਟ ਕਰੋ ਤਾਕਿ ਧਰਮ ਕੀ ਚਲੇ ਨਯਾ।

ਗੁਰੂ ਜੀ ਦੇ ਭਾਣਾ ਮੰਨਣ ਦੀ ਅਵਸਥਾ ਨੂੰ ਬਿਆਨ ਕਰਦਿਆਂ ਜੋਗੀ ਜੀ ਲਿਖਦੇ ਹਨ:

ਜਬ ਡੇਢ ਘੜੀ ਰਾਤ ਗਈ ਜ਼ਿਕਰਿ-ਖ਼ੁਦਾ ਮੇ।
ਖੈਮੇ ਸੇ ਨਿਕਲ ਆਏ ਸ੍ਰਕਾਰ ਹਵਾ ਮੇ।
ਕਦਮੋਂ ਸੇ ਟਹਿਲਤੇ ਥੇ ਮਗਰ ਦਿਲ ਥਾ ਦੂਆ ਮੇਂ।

ਬੋਲੇ, ਐ ਖੁਦਾਵੰਦ ਹੂੰ ਖੁਸ਼ ਤੇਰੀ ਰਜ਼ਾ ਮੇ।
ਕਰਤਾਰ ਸੇ ਕਹਿਤੇ ਥੇ ਗੋਯਾ ਰੂ ਬ ਰੂ ਹੋ ਕਰ।
ਕੱਲ ਜਾਊਂਗਾ ਚਮਕੌਰ ਸੇ ਮੈਂ ਸੁਰਖਰੂ ਹੋ ਕਰ।

ਬਾਅਦ ਵਿੱਚ ਜਦੋਂ ਮੈਂ ਇਸ ਰਚਨਾ ਨੂੰ ਪੜ੍ਹਿਆ ਤਾਂ ਮੈਨੂੰ ਜਾਪਿਆ ਅਲਾਯਾਰ ਨੇ ਜਿਸ ਸ਼ਿੱਦਤ ਨਾਲ ਆਪਣੀ ਰਚਨਾ ਵਿੱਚ ਗੁਰੂ ਗੋਬਿੰਦ ਸਿੰਘ ਜੀ, ਸਾਹਿਬਜ਼ਾਦਿਆਂ ਅਤੇ ਮਾਤਾ ਗੂਜਰੀ ਜੀ ਦੀਆਂ ਮਨੋਸਥਿਤੀਆਂ ਨੂੰ ਆਧਾਰ ਬਣਾ ਕੇ ਖੂਬਸੂਰਤ ਸ਼ਾਇਰੀ ਦੀ ਰਚਨਾ ਕੀਤੀ ਹੈ, ਇਸ ਨੂੰ ਪੜ੍ਹ ਕੇ ਅਸੀਂ ਕੀਲੇ ਜਾਂਦੇ ਹਾਂ। ਗੁਰੂ ਜੀ ਬਾਰੇ ਉਸ ਦੀ ਅਟੁੱਟ ਸ਼ਰਧਾ ਦੇ ਬੰਦ ਕਮਾਲ ਦੇ ਹਨ:

ਇਨਸਾਫ ਕਰੇ ਜੀ ਮੇ ਜ਼ਮਾਨਾ ਤੋ ਯਕੀਂ ਹੈ।
ਕਹਿ ਦੇ ਗੁਰੂ ਗੋਬਿੰਦ ਕਾ ਸਾਨੀ ਹੀ ਨਹੀਂ ਹੈ।
ਕਰਤਾਰ ਕੀ ਸੁਗੰਦ ਹੈ ਨਾਨਕ ਕੀ ਕਸਮ ਹੈ।
ਜਿਤਨੀ ਭੀ ਹੋ ਗੋਬਿੰਦ ਕੀ ਤੱਰੀਫ ਵੁਹ ਕਮ ਹੈ।

ਜੋਗੀ ਅਲ੍ਹਾ ਯਾਰ ਖਾਂ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ ਨੂੰ ਪੂਰੀ ਤਰਾਂ ਆਤਮਸਾਤ ਕਰ ਚੁਕਾ ਸੀ।
ਜਦੋਂ ਉਹ ਆਖਦਾ ਹੈ:

ਹਿੰਦੂ ਹੈਂ ਸਭ ਅੱਛੇ, ਨਾ ਮੁਸਲਮਾਨ ਅੱਛੇ।

ਦਿਲ ਨੇਕ ਹੋਂ ਜਿਨ ਕੇ ਵੁਹੀ ਇਨਸਾਨ ਹੈਂ ਅੱਛੇ।

ਇਸ ਤੋਂ ਜਾਪਦਾ ਹੈ ਕਿ ਉਸ ਨੇ ਭਾਈ ਗੁਰਦਾਸ ਜੀ ਦੀ ਇਸ ਕਥਨ ਨੂੰ ਜ਼ਰੂਰ ਵਾਚਿਆ ਹੋਵੇਗਾ:

ਪੁਛਨ ਖੋਹਲ ਕਿਤਾਬ ਨੂੰ ਹਿੰਦੂ ਵਡਾ ਕਿ ਮੁਸਲਮਨੋਈ।
ਬਾਬਾ ਆਖੇ ਹਾਜੀਆਂ ਸ਼ੁਭ ਅਮਲਾਂ ਬਾਝੋਂ ਦੋਨੋ ਰੋਈ।

ਮੈਨੂੰ ਇਹ ਰਚਨਾ ਟੈਗੋਰ, ਇਕਬਾਲ ਜਾਂ ਸਵਾਮੀ ਵਿਵੇਕਾਨੰਦ ਦੀਆਂ ਸਿੱਖ ਧਰਮ ਬਾਰੇ ਕੀਤੀਆਂ ਰਚਨਾਵਾਂ ਨਾਲੋਂ ਵੀ ਵਧ ਸ਼ਕਤੀਸ਼ਾਲੀ ਜਾਪਦੀ ਹੈ। ਇਸ ਰਚਨਾਂ ਦਾ ਅਨੁਵਾਦ ਪੰਜਾਬੀ ਅਤੇ ਹਿੰਦੀ ਵਿੱਚ ਵੀ ਕਰਕੇ ਪੜ੍ਹਿਆ ਸੁਣਿਆਂ ਜਾਵੇ ਤਾਂ ਵੀ ਇਹ ਬਹੁਤ ਪ੍ਰਭਾਵਸ਼ਾਲੀ ਹੋ ਸਕਦਾ ਹੈ।

**ਭੁੱਲ ਚੁੱਕ ਖਿਮਾ**

**ਜਾਗੀਰ ਸਿੰਘ**

# ਗੁਰੂ ਅੰਗਦ ਦੇਵ ਜੀ ਦਾ ਗੁਰਮਤਿ ਸੰਗੀਤ ਵਿਚ ਯੋਗਦਾਨ

ਡਾ. ਗੁਰਨਾਮ ਸਿੰਘ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਦਰਸ਼ਨ ਸੰਬੰਧੀ ਪ੍ਰਚਲਿਤ ਇਤਿਹਾਸਕ ਹਵਾਲਿਆਂ ਤੇ ਬਾਣੀ ਫਰਮਾਨਾਂ ਤੋਂ ਪ੍ਰਤੱਖ ਹੈ ਕਿ ਭਾਈ ਲਹਿਣੇ ਦੇ ਰੂਪ ਵਿਚ ਆਪ ਨੂੰ ਗੁਰੂ ਨਾਨਕ ਦੇਵ ਜੀ ਨੇ ਜੋ ਅਪਾਰ ਬਖ਼ਸ਼ਿਸ਼ਾਂ ਕੀਤੀਆਂ, ਉਹ ਬਖ਼ਸ਼ਿਸ਼ਾਂ ਸਤਿਗੁਰ ਦੇ ਨਿਰਮਲ ਪੰਥ ਦੀਆਂ ਸਿਫ਼ਤਾਂ ਦੇ ਰੂਪ ਵਿਚ ‘ਖਾਲਸਾ ਪੰਥ’ ਵਜੋਂ ਪ੍ਰਫੁੱਲਤ ਹੋਈਆਂ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਦੀ ਸੰਭਾਲ, ਗੁਰਮੁਖੀ ਲਿਪੀ ਦੇ ਵਿਕਾਸ ਤੇ ਸਿਖਲਾਈ ਕਾਰਜ ਕੀਤਾ। ਗੁਰਮਤਿ ਸੰਗੀਤ ਦੀ ਸ਼ਬਦ ਕੀਰਤਨ ਪਰੰਪਰਾ ਦੇ ਵਿਕਾਸ ਵਿਚ ਆਪ ਦਾ ਮਹੱਤਵਪੂਰਨ ਯੋਗਦਾਨ ਰਿਹਾ। ਭਾਵੇਂ ਆਪ ਦੀਆਂ ਬਖ਼ਸ਼ਿਸ਼ਾਂ ਅਤੇ ਮਹਾਨ ਕਾਰਜਾਂ ਦੇ ਬਖਾਨ ਵਿਚ ਅਜੇ ਤੱਕ ਗੁਰਮਤਿ ਸੰਗੀਤ ਪ੍ਰਤੀ ਉਹਨਾਂ ਦਾ ਯੋਗਦਾਨ ਵਧੇਰੇ ਵਿਚਾਰ ਚਰਚਾ ਦਾ ਵਿਸ਼ਾ ਨਹੀਂ ਬਣ ਸਕਿਆ।

ਗੁਰਮਤਿ ਸੰਗੀਤ ਦੀ ਰਾਗਾਤਮਿਕ ਸ਼ਬਦ ਕੀਰਤਨ ਪਰੰਪਰਾ ਦੇ ਸੰਦਰਭ ਵਿਚ ਵਾਚੀਏ ਤਾਂ ਗੁਰੂ ਅੰਗਦ ਦੇਵ ਜੀ ਨੇ ਮਹਲਾ ੧, ਮਹਲਾ ੨ ਅਤੇ ਮਹਲਾ ੩ ਦੁਆਰਾ 9 ਰਾਗਾਂ ਅਧੀਨ ਰਚਿਤ ਵਾਰਾਂ ਅਧੀਨ ਬਾਣੀ ਉਚਾਰੀ। ਆਪ ਨੇ ਰਾਗ ਸਿਰੀ ਅਧੀਨ 2 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੮੩, ੮੯), ਰਾਗ ਮਾਝ ਅਧੀਨ 12 ਸਲੋਕ (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ ੧੩੯–੧੫੦), ਰਾਗ ਆਸਾ ਅਧੀਨ 15 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੪੬੩–੪੭੫), ਰਾਗ

ਸੋਰਠਿ ਅਧੀਨ 1 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੬੫੩), ਰਾਗ ਸੂਹੀ ਅਧੀਨ 11 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੭੮੭-੭੯੨), ਰਾਗ ਰਾਮਕਲੀ ਅਧੀਨ 7 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੯੫੪-੯੫੫), ਰਾਗ ਮਾਰੂ ਅਧੀਨ 1 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੧੦੯੩), ਰਾਗ ਸਾਰੰਗ ਅਧੀਨ 9 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੧੨੩੭-੧੨੪੫), ਰਾਗ ਮਲਾਰ ਅਧੀਨ 5 ਸਲੋਕ (ਗੁਰੂ ਗ੍ਰੰਥ ਸਾਹਿਬ, ਪੰਨਾ ੧੨੭੯-੧੨੯੦) ਦੀ ਰਚਨਾ ਕੀਤੀ।

ਸਿੱਖ ਧਰਮ ਦੇ ਬਾਨੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਚਾਰ ਉਦਾਸੀਆਂ ਸਮੇਂ ਜਗਤ ਜਲੰਦੇ ਨੂੰ ਤਾਰਨ ਅਤੇ ਲੋਕਾਈ ਨੂੰ ਸੋਧਣ ਹਿੱਤ ਭਾਈ ਮਰਦਾਨਾ ਦੇ ਰਬਾਬ ਦੀ ਮਧੁਰ ਝੁਨਕਾਰ ਵਿਚ ਸ਼ਬਦ ਦਾ ਇਲਾਹੀ ਕੀਰਤਨ ਕੀਤਾ। ਇਸ ਸ਼ਬਦ ਕੀਰਤਨ ਤੋਂ ਸਿੱਖ ਧਰਮ ਦੀ ਵਰਤਮਾਨ ਸੁਤੰਤਰ ਤੇ ਮੌਲਿਕ ਸੰਗੀਤ ਪਰੰਪਰਾ 'ਗੁਰਮਤਿ ਸੰਗੀਤ' ਦਾ ਉਦੈ ਹੋਇਆ। ਉਪਰੰਤ ਇਸ ਕੀਰਤਨ ਦੀ ਮਰਿਆਦਾ ਰੂਪ ਵਿਚ ਸਥਾਪਤੀ ਲਈ ਕਰਤਾਰਪੁਰ ਸਾਹਿਬ ਵਿਖੇ ਸ਼ਬਦ ਕੀਰਤਨ ਦੀ ਰੀਤ ਚਲਾਈ ਗਈ।

ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਸਾਹਿਬ ਦੁਆਰਾ ਆਰੰਭ ਕੀਤੀ ਗੁਰੂ ਘਰ ਦੀ ਕੀਰਤਨ ਪਰੰਪਰਾ ਦੇ ਨਿਰੰਤਰ ਵਿਵਹਾਰਕ ਪ੍ਰਚਲਨ ਦੁਆਰਾ, ਬਾਣੀ ਦਾ ਪ੍ਰਵਾਹ ਚਲਾਇਆ। ਇਸ ਨਾਲ ਸ਼ਬਦ ਕੀਰਤਨ ਪਰੰਪਰਾ ਦੇ 'ਸ਼ੈਲੀਗਤ ਰੂਪ' ਦਾ ਨਿਰੰਤਰ ਵਿਕਾਸ ਹੋਇਆ ਅਤੇ ਬਾਅਦ ਵਿਚ ਗੁਰਮਤਿ ਸੰਗੀਤ ਵਿਚ ਰਾਗਾਂ ਦੇ ਸਮੇਂ ਅਨੁਸਾਰ ਨਾਮਾਂਕਣ ਕੀਤੀਆਂ ਕੀਰਤਨ ਚੌਕੀਆਂ ਦੀ ਵਿਸ਼ੇਸ਼ ਪਰੰਪਰਾ ਹੈ ਜਿਵੇਂ ਕਿ ਆਸਾ ਦੀ ਵਾਰ ਦੀ ਚੌਕੀ,

ਬਿਲਾਵਲ ਦੀ ਚੌਂਕੀ, ਸਾਰੰਗ ਦੀ ਚੌਂਕੀ, ਕਲਿਆਣ ਦੀ ਚੌਂਕੀ, ਕਾਨੜੇ ਦੀ ਚੌਂਕੀ ਆਦਿ। ਕੀਰਤਨ ਚੌਂਕੀਆਂ ਦੀ ਇਹ ਪਰੰਪਰਾ ਸ੍ਰੀ ਦਰਬਾਰ ਸਾਹਿਬ ਹਰਿਮੰਦਰ ਸਾਹਿਬ ਅਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਨਿਰੰਤਰ ਰੂਪ ਵਿਚ ਪ੍ਰਚਲਿਤ ਹੈ।

ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵੱਖ-ਵੱਖ ਗੁਰੂ ਸਾਹਿਬਾਨ ਦੁਆਰਾ ਨਿਰੰਤਰ ਵਿਕਾਸ ਹੋਇਆ। ਇਹਨਾਂ ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦਾ ਵਿਸ਼ਿਸ਼ਟ ਸੰਗੀਤ ਵਿਧਾਨ ਤੇ ਮੌਲਿਕ ਸੰਗੀਤਕ ਸਰੂਪ ਹੈ। ਇਹਨਾਂ ਕੀਰਤਨ ਚੌਂਕੀਆਂ ਦੀ ਪੇਸ਼ਕਾਰੀ, ਇਤਿਹਾਸਕ ਵਿਕਾਸ ਅਤੇ ਕੀਰਤਨ ਸਮਗਰੀ ਦਾ ਇਕ ਵਿਸ਼ਾਲ ਖਜ਼ਾਨਾ 'ਗੁਰਮਤਿ ਸੰਗੀਤ' ਦੀ ਕੀਰਤਨ ਵਿਰਾਸਤ ਦਾ ਅਹਿਮ ਹਿੱਸਾ ਹੈ। ਕੀਰਤਨ ਚੌਂਕੀਆਂ ਦੀ ਇਸ ਪਰੰਪਰਾ ਦੇ ਪ੍ਰਚਲਨ ਤੇ ਸੰਸਥਾਗਤ ਰੂਪ ਵਿਚ ਸਥਾਪਤੀ ਹਿਤ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਆਰੰਭਕ ਯੋਗਦਾਨ ਰਿਹਾ ਹੈ।

ਭਾਈ ਕਾਨ੍ਹ ਸਿੰਘ ਨਾਭਾ ਦੇ ਕਥਨ ਅਨੁਸਾਰ "ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਗਾਉਣ ਦੀ ਰੀਤ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ) ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਅਨੁਸਾਰ ਕਰਤਾਰਪੁਰ ਵਿਖੇ ਸਥਾਪਤ ਕੀਤੀ।"

ਪੰਥ ਪ੍ਰਕਾਸ਼ ਦੇ ਇਕ ਹਵਾਲੇ ਅਨੁਸਾਰ :

**ਸ੍ਰੀ ਅੰਗਦ ਗੁਰੂ ਆਦਿ ਕੀ ਸਭ ਰੀਤਿ ਸੰਭਾਰੀ।**

**ਢਰੀ ਨਿਸਾ ਤੇ ਜਾਗ ਕੇ ਲਾ ਬੈਠੇ ਤਾਰੀ।**

**ਅੰਮ੍ਰਿਤ ਵੇਲੇ ਆਇਕੇ ਫਿਰ ਸਭਾ ਮਝਾਰੇ।**

**ਆਸਾਵਾਰ ਪ੍ਰੇਮ ਸੋ ਸੁਨਹੀ ਮੁਧ ਧਾਰੇ।**

ਗੁਰਮਤਿ ਸੰਗੀਤ ਦੀ ਕਰਤਾਰਪੁਰੀ ਪਰੰਪਰਾ ਵਿਚ ਪਿਛਲੀ ਰਾਤ ਆਸਾ ਦੀ ਵਾਰ ਦਾ ਗਾਇਨ, ਤੀਸਰੇ ਪਹਿਰ ਦਾ ਕੀਰਤਨ ਅਤੇ ਉਸ ਤੋਂ ਬਾਅਦ ਸੋਦਰ ਆਰਤੀ ਦੀ ਕੀਰਤਨ ਚੌਂਕੀ ਦਾ ਪ੍ਰਚਲਨ ਗੁਰੂ ਨਾਨਕ ਦੇਵ ਜੀ ਦੇ ਕਾਲ ਤੋਂ ਹੀ ਆਰੰਭ ਹੋ ਗਿਆ ਸੀ।

ਭਾਈ ਗੁਰਦਾਸ ਜੀ ਨੇ ਆਪਣੀ ਬਾਣੀ ਵਿਚ ਇਸ ਸਬੰਧੀ ਉਲੇਖ ਇਸ ਤਰ੍ਹਾ ਕੀਤਾ ਹੈ:

**ਸੋਦਰ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਪੁ ਉਚਾਰਾ।**

ਗੁਰਮਤਿ ਸੰਗੀਤ ਪਰੰਪਰਾ ਵਿਚ ਸਲੋਕ ਗਾਇਨ ਸ਼ੈਲੀ ਦਾ ਵਿਲੱਖਣ ਰੂਪ ਹੈ। ਸਦੀਆਂ ਦੇ ਵਿਵਹਾਰਕ ਪ੍ਰਚਲਨ ਦੁਆਰਾ ਗੁਰੂ ਘਰ ਦੀ ਕੀਰਤਨ ਪਰੰਪਰਾ ਵਿਚ 'ਸਲੋਕ' ਅਨਿਬੱਧ ਰੂਪ ਵਿਚ ਗਾਇਨ ਕੀਤੇ ਜਾਣ ਦੀ ਤਕਨੀਕ ਹੈ। ਮੰਗਲਾਚਰਣ ਤੇ ਬੰਦਨਾ, ਸਲੋਕ ਸ਼ੈਲੀ ਦਾ ਹੀ ਕੀਰਤਨੀ-ਰੂਪ ਹਨ। 'ਆਸਾ ਦੀ ਵਾਰ' ਦੀ ਵਿਵਹਾਰਕ ਪਰੰਪਰਾ ਅਧੀਨ ਵੀ ਸਲੋਕ ਸਦੀਆਂ ਤੋਂ ਵਿਸ਼ੇਸ਼ ਲੈਅ ਅਤੇ ਅਨਿਬੱਧ ਰੂਪ ਵਿਚ ਗਾਏ ਜਾਂਦੇ ਰਹੇ ਹਨ। 'ਆਸਾ ਦੀ ਵਾਰ' ਦੀ ਪਰੰਪਰਾਗਤ ਪੁਰਾਤਨ ਰੀਤ ਅਨੁਸਾਰ ਸਲੋਕਾਂ ਦੇ ਗਾਇਨ ਸਮੇਂ ਲੈਅ ਬੰਨ੍ਹਣ

ਲਈ, ਪਖਾਵਜੀ ਜਾਂ ਜੋੜੀ ਵਾਲਾ, ਪਉੜੀ ਤਾਲ ਦਾ ਵਿਲੰਬਤ ਲੈਅ ਵਿਚ ਵਾਦਨ ਕਰਦਾ ਹੈ। ਇਸ ਤਰ੍ਹਾ ਗੁਰਬਾਣੀ ਦੀਆਂ ਵਾਰਾਂ ਦੀ ਕੀਰਤਨ ਪ੍ਰਸਤੁਤੀ, ਸਲੋਕਾਂ ਅਤੇ

ਪਉੜੀਆਂ ਦੇ ਸੰਜੋਗ ਤੋਂ ਸ਼ੈਲੀਗਤ ਪੱਧਰ ਤੇ ਵਿਸ਼ੇਸ਼ ਰੂਪ ਵਿਚ ਪ੍ਰਚੱਲਿਤ ਤੇ ਸਰੂਪਿਤ ਹੋਈ ਹੈ। ਇਹਨਾਂ ਸਲੋਕ ਰਚਨਾਵਾਂ ਅਤੇ ਆਸਾ ਦੀ ਵਾਰ ਦੇ ਪਰੰਪਰਾਗਤ ਪ੍ਰਚਲਨ ਵਿਚ ਗੁਰੂ ਅੰਗਦ ਦੇਵ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ, ਜਿਸ ਦਾ ਵਰਨਣ ਅਸੀਂ ਪਹਿਲਾਂ ਕਰ ਆਏ ਹਾਂ।

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਕਰਤਾਰਪੁਰ ਤੋਂ ਬਾਅਦ ਸਿੱਖੀ ਦੇ ਕੇਂਦਰ ਖਡੂਰ ਸਾਹਿਬ ਵਿਖੇ ਕੀਰਤਨ ਦੀ ਵਿਸ਼ੇਸ਼ ਪ੍ਰਥਾ ਚਲਾਈ। ਜਿਸ ਅਧੀਨ ਪਰਬੀਨ ਸੰਗੀਤਕਾਰਾਂ ਦੀ ਰਬਾਬੀ ਸ਼੍ਰੇਣੀ ਨੂੰ ਘਰ ਘਰ ਨਾਲ ਪੀਢੇ ਤੌਰ 'ਤੇ ਜੋੜਨ ਦਾ ਪ੍ਰਾਰੰਭ ਕੀਤਾ। ਭਾਈ ਮਰਦਾਨਾ ਜੀ ਤੋਂ ਬਾਅਦ ਭਾਈ ਸਜਾਦਾ (ਭਾਈ ਸ਼ਹਿਜ਼ਾਦ) ਅਤੇ ਵਿਸ਼ੇਸ਼ ਰੂਪ ਵਿਚ ਭਾਈ ਬਲਵੰਡ ਦਾ ਨਾਂ ਵਰਣਨਯੋਗ ਹੈ। ਜਦੋਂ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਗੁਰਿਆਈ ਬਖਸ਼ੀ ਤਾਂ ਰਾਇ ਬਲਵੰਡ, ਗੁਰੂ ਅੰਗਦ ਦੇਵ ਜੀ ਨਾਲ ਹੀ ਖਡੂਰ ਸਾਹਿਬ ਆਏ।

**ਬਲਵੰਡ ਰਬਾਬੀ ਤੁਮ ਸੰਗਿ ਜਾਵੈ,**
**ਸਮੇਂ ਸਮੇਂ ਹਰਿ ਕੀਰਤਨ ਗਾਵੇ।**

ਬਾਅਦ ਵਿਚ ਗੁਰੂ ਅਮਰਦਾਸ ਅਤੇ ਗੁਰੂ ਅਰਜਨ ਦੇਵ ਜੀ ਦੇ ਕਾਲ ਵਿਚ ਰਾਇ ਬਲਵੰਡ ਨੇ ਰਬਾਬੀ ਭਾਈ ਸੱਤਾ ਜੀ ਨਾਲ ਮਿਲ ਕੇ ਕੀਰਤਨ ਦੀ ਸੇਵਾ ਨਿਭਾਈ। ਆਪ ਦੁਆਰਾ ਰਚਿਤ ਬਾਣੀ ਨੂੰ ਗੁਰੂ ਸਾਹਿਬ ਨੇ 'ਸ਼ਬਦ ਗੁਰੂ' ਸ੍ਰੀ

ਗੁਰੂ ਗ੍ਰੰਥ ਸਾਹਿਬ ਵਿਚ ਵਿਸ਼ੇਸ਼ ਸਥਾਨ ਦਿੱਤਾ ਜੋ 'ਰਾਮਕਲੀ ਦੀ ਵਾਰ ਰਾਇ ਬਲਵੰਡ ਤਥਾ ਸਤੈ ਡੂਮਿ ਆਖੀ' (ਗੁਰੂ ਗ੍ਰੰਥ ਸਾਹਿਬ, ਪੰਨਾ ੯੬੬) ਦੇ ਸਿਰਲੇਖ ਹੇਠ ਦਰਜ ਹੈ। ਇਹਨਾਂ ਇਤਿਹਾਸਕ ਹਵਾਲਿਆਂ ਤੋਂ ਸਪਸ਼ਟ ਹੈ ਕਿ ਗੁਰੂ ਘਰ ਨੇ ਕੀਰਤਨੀਆਂ ਨੂੰ ਭਰਪੂਰ ਸਰਪ੍ਰਸਤੀ ਦੁਆਰਾ ਨਿਵਾਜਿਆ। ਗੁਰੂ ਅੰਗਦ ਦੇਵ ਜੀ ਨਾਲ ਕੀਰਤਨੀਏ ਦੇ ਰੂਪ ਵਿਚ ਰਬਾਬੀ ਭਾਈ ਬਲਵੰਡ ਦੇ ਖਡੂਰ ਸਾਹਿਬ ਵਿਖੇ ਆਉਣ ਨਾਲ ਗੁਰੂ ਘਰ ਵਿਖੇ ਕੀਰਤਨ ਘਰਾਣੇ ਦੀ ਪਰੰਪਰਾ ਪ੍ਰਫੁੱਲਤ ਹੋਈ, ਜਿਸ ਨੂੰ ਅਜੇ ਵੀ ਖਡੂਰੀਏ ਰਬਾਬੀਆਂ ਵਜੋਂ ਜਾਣਿਆ ਜਾਂਦਾ ਹੈ।

ਬਾਨੀ, ਪ੍ਰੋਫ਼ੈਸਰ, ਅਤੇ ਮੁਖੀ,

ਗੁਰਮਤਿ ਸੰਗੀਤ ਚੇਅਰ,

ਗੁਰਮਤਿ ਸੰਗੀਤ ਵਿਭਾਗ,

ਪੰਜਾਬੀ ਯੂਨੀਵਰਸਿਟੀ, ਪਟਿਆਲਾ

# ਗੁਰਮਤਿ ਕੀਰਤਨ ਭਗਤੀ

ਡਾ. ਜਾਗੀਰ ਸਿੰਘ

ਗੁਰਬਾਣੀ ਵਿਚ ਦਿੱਤੇ ਸਿੱਧਾਂਤਾਂ ਨੂੰ ਗੁਰਮਤਿ ਕਿਹਾ ਜਾਂਦਾ ਹੈ। ਇਸ ਦੇ ਉਲਟ ਜਿਹੜੇ ਸਿੱਧਾਂਤ ਗੁਰਬਾਣੀ ਦੇ ਵਿਰੁਧ ਹਨ ਉਹਨਾਂ ਨੂੰ ਮਨਮਤਿ ਕਹਿ ਸਕਦੇ ਹਾਂ। ਗੁਰਮਤਿ ਦਾ ਸੋਮਾ ਗੁਰੂ ਗ੍ਰੰਥ ਸਾਹਿਬ ਹੈ। ਬਾਕੀ ਦਾ ਸਾਹਿਤ ਇਹਦੇ ਸਿੱਧਾਂਤਾਂ ਦੀ ਵਿਆਖਿਆ ਜਾਂ ਗੁਰਮਤਿ ਲਹਿਰ ਨਾਲ ਸੰਬੰਧਤ ਹੈ। ਇਸ ਲੇਖ ਵਿਚ ਗੁਰਮਤਿ ਵਿਚ ਕੀਰਤਨ ਭਗਤੀ ਦੀ ਮਹੱਤਤਾ ਬਾਰੇ ਵਿਚਾਰ ਕਰਨ ਦਾ ਜਤਨ ਕੀਤਾ ਹੈ। ਭਗਤੀ ਦਾ ਅਰਥ ਹੈ – ਪ੍ਰੇਮ ਭਾਵ ਨਾਲ ਸੇਵਾ ਕਰਨਾ।[1] ਇਸ ਦਾ ਅੱਗੋਂ ਅਰਥ ਵਿਸਥਾਰ ਵਿਸ਼ਾਲ ਰੂਪ ਵਿਚ ਹੋਇਆ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤੀ ਨੂੰ ਸਭ ਤੋਂ ਵੱਧ ਮਹਤਵ ਦਿੱਤਾ ਹੈ:

ਬਿਨ ਭਗਤੀ ਨਹੀਂ ਸਤਿਗੁਰ ਪਾਈਐ॥
ਬਿਨ ਭਾਗਾ ਨਹੀਂ ਭਗਤਿ ਹਰੀ॥ (ਪੰ. ੧੧੭੨)

ਭਗਤੀ ਨੌਂ ਪਰਕਾਰ ਦੀ ਦੱਸੀ ਜਾਂਦੀ ਹੈ। ਜਿਸ ਨੂੰ ਨੌਧਾ ਭਗਤੀ ਜਾਂ ਨਵਧਾ ਭਗਤੀ ਵੀ ਕਿਹਾ ਜਾਂਦਾ

ਹੈ। ਇਸ ਨੌਂ 2 ਪ੍ਰਕਾਰ ਦੀ ਹੀ ਭਗਤੀ ਦਾ ਉਲੇਖ ਗੁਰੂ ਗ੍ਰੰਥ ਸਾਹਿਬ ਵਿਚ ਮਿਲ ਜਾਂਦਾ ਹੈ।

1. ਸਰਵਨ:

ਸ੍ਰਵਣੀ ਸੁਣਉ ਬਿਮਲ ਜਸੁ ਸੁਆਮੀ ॥ (ਪੰ. ੧੦੮੦)

2. ਕੀਰਤਨ:

ਕੀਰਤਿ ਪ੍ਰਭ ਕੀ ਗਾਉ ਮੇਰੀ ਰਸਨਾ ॥ (ਪੰ. ੧੨੯੮)

3. ਸਿਮਰਨ:

ਸਿਮਰਉ ਸਿਮਰਿ ਸਿਮਰਿ ਸੁਖ ਪਾਵਉ ॥ (ਪੰ. ੨੬੨)

4. ਪਦ-ਸੇਵਨ ਕਰਨਾ:

ਪਾਵ ਮਲੋਵਾ ਮਲਿ ਮਲਿ ਧੋਵਾ ਇਹੁ ਮਨੁ ਤੈ ਕੂ ਦੇਸਾਂ ॥ (ਪੰ. ੬੧੨)

5. ਅਰਚਨ (ਪੂਜਾ):

ਹਰਿ ਕੀ ਪੂਜਾ ਦੁਲੰਭ ਹੈ ਸੰਤਹੁ ਕਹਣਾ ਕਛੂ ਨ ਜਾਈ ॥ (ਪੰ. ੯੧੦)

6. ਬੰਦਨਾ:

ਅਨਿਕ ਬਾਰ ਕਰਿ ਬੰਦਨ ਸੰਤਨ ਊਹਾਂ ਚਰਨ ਗੋਬਿੰਦ ਜੀ ਕੇ ਬਸਨਾ ॥
(ਪੰ. ੧੨੯੮)

7. ਦਾਸ ਭਾਵ:

ਪਖਾ ਫੇਰੀ ਪਾਣੀ ਢੋਵਾ ਹਰਿ ਜਨ ਕੈ ਪੀਸਣੁ ਪੀਸਿ ਕਮਾ🚺⇧ ॥
(ਪੰ.੭੫੭)

8. ਮੈਤਰੀ ਭਾਵ:

ਸਖਾ ਸਹਾਈ ਪੂਰਨ ਪਰਮੇਸਰ ਮਿਲੁ ਕਦੇ ਨ ਹੋਵੀ ਭੰਗਨਾ॥ (ਪੰ. ੧੨੮੦)

9. ਆਤਮ ਨਿਵੇਦਨ:

ਤਨੁ ਮਨੁ ਧਨੁ ਸਭ ਸਉਪਿ ਗੁਰ ਕਉ ਹੁਕਮਿ ਮੰਨਿਐ ਪਾਈਐ॥ (ਪੰ. ੯੧੮)

ਉਪਰ ਦਸੀਆਂ ਸਾਰੀਆਂ ਕਿਸਮਾਂ ਦੀ ਭਗਤੀ ਤੋਂ ਕੀਰਤਨੀ ਭਗਤੀ ਉਤਮ ਦਸੀ ਗਈ ਹੈ:

ਕਲਿਜੁਗ ਮਹਿ ਕੀਰਤਨ ਪਰਧਾਨਾ॥

ਗੁਰਮੁਖ ਜਪੀਅਹਿ ਲਾਇ ਧਿਆਨਾ॥ (ਪੰ.੧੦੭੫)

ਕੀਰਤਨ ਭਗਤੀ ਦੀ ਮਹਿਮਾ ਦਾ ਕਾਰਨ ਇਹ ਹੈ ਕਿ ਇਸ ਵਿਚ ਸੰਗੀਤ ਤੱਤ ਬੜਾ ਮਹੱਤਵਪੂਰਨ ਹੈ।

ਸੰਗੀਤ ਨਾਦ ਉਤੇ ਅਧਰਾਤ ਹੈ ਅਤੇ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

'ਨਾ ਤਾਂ ਨਾਦ ਬਿਨਾ ਗੀਤ ਹੈ, ਨਾ ਨਾਦ ਬਿਨਾ ਨਰਿਤ ਹੈ, ਇਹ ਸਾਰਾ ਜਗਤ ਹੀ ਨਾਦਾਤਮਕ ਹੈ।' [3]

ਭਾਰਤੀ ਸੰਗੀਤ ਕੋਸ਼ ਵਿਚ ਨਾਦ ਦੀ ਮਹਿਮਾ ਕਰਦਿਆਂ ਲਿਖਿਆ ਹੈ:

ਸ਼ਾਸਤਰਾਂ ਵਿਚ ਨਾਦ ਨੂੰ ਬ੍ਰਹਮ ਦੇ ਰੂਪ ਵਿਚ ਬਿਆਨ ਕੀਤਾ ਹੈ। ਨਾਦ ਅਦੁੱਤੀ ਅਤੇ ਅਨੰਦਸਰੂਪ ਹੈ। ਨਾਦ ਦੀ ਉਪਾਸ਼ਨਾ ਕਰਨ ਨਾਲ ਪਰਮ ਲਾਭ ਹੁੰਦਾ ਹੈ ਜਿਵੇਂ ਪ੍ਰਕਾਸ਼ ਦੀ ਖੋਜ ਕਰਦਿਆਂ ਮਣੀ ਦੀ ਪ੍ਰਾਪਤੀ ਹੋ ਜਾਂਦੀ ਹੈ ਇਵੇਂ ਹੀ ਨਾਦ ਦੀ ਉਪਾਸਨਾ ਕਰਦਿਆਂ ਬ੍ਰਹਮ ਦੀ ਪ੍ਰਾਪਤੀ ਹੋ ਜਾਂਦੀ ਹੈ। [4]

ਭਗਤੀ ਕਰਨ ਲਈ ਕੀਰਤਨ ਸਰਬੋਤਮ ਸਾਧਨ ਹੈ। ਇਸ ਦੀ ਪ੍ਰੋੜ੍ਹਤਾ ਸੰਗੀਤ ਬਾਰੇ ਦਿੱਤੀਆਂ ਗਈਆਂ ਕੁਝ ਹੋਰ ਟਿੱਪਣੀਆਂ ਤੋਂ ਵੀ ਹੁੰਦੀ ਹੈ। ਹਮਾਯੂੰ ਕਬੀਰ ਅਨੁਸਾਰ ਸੰਗੀਤ ਮਨੁੱਖ ਦੀਆਂ ਮਨ ਬਿਰਤੀਆਂ ਨੂੰ ਆਪਣੇ ਵਲ ਖਿੱਚ ਲੈਂਦਾ ਹੈ ਤੇ ਮਨੁੱਖੀ ਮਨ ਸੰਮੋਹਨ ਸ਼ਕਤੀ ਸਦਕਾ ਉਸ ਨਾਦ ਪ੍ਰਵਾਹ ਦੇ ਨਾਲ ਨਾਲ ਤੁਰਿਆ ਜਾਂਦਾ ਹੈ। ਇਸ ਤਰ੍ਹਾਂ ਮਨੁੱਖ ਆਪਣੇ ਅੰਦਰੂਨੀ ਆਨੰਦ ਵਿਚ ਮਗਨ ਹੋਇਆ ਗੋਚਰ ਸੰਸਾਰ ਤੋਂ ਅਤੀਤ ਮੰਡਲਾਂ ਵਿਚ ਵਿਚਰਦਾ ਹੈ। [5]

ਸੰਗੀਤ ਅਸਲ ਵਿਚ ਮਨੁੱਖ ਦੇ ਹਿਰਦੇ ਦੀ ਭਾਸ਼ਾ ਹੈ ਅਤੇ ਮਨੁੱਖ ਦੇ ਮਨ ਨੂੰ ਪ੍ਰਸੰਨ ਕਰਨ ਲਈ ਸੰਗੀਤ ਨਾਲੋਂ ਵੱਧ ਕੇ ਹੋਰ ਕੋਈ ਸਾਧਨ ਨਹੀਂ ਹੈ।[6] ਸੰਗੀਤ ਦੇ ਅਨੰਦ ਨੂੰ ਮਾਣਨ ਲਈ ਸਰੋਤੇ ਨੂੰ ਕੇਵਲ ਜੀਵਨ ਦੀਆਂ ਤ੍ਰਿਸ਼ਨਾਵਾਂ ਤੋਂ ਮੁਕਤ ਹੋ ਕੇ ਸੁਰ ਪ੍ਰਵਾਹ ਦੇ ਹਵਾਲੇ ਹੋ ਜਾਣ ਦੀ ਲੋੜ ਹੈ।[7]

ਜਿਹੜੇ ਮਨੁੱਖ ਸੰਗੀਤ ਨਾਲ ਵੀ ਦ੍ਰਵਿਤ ਨਹੀਂ ਹੁੰਦੇ, ਸੇਕਸਪੀਅਰ

ਉਹਨਾਂ ਨੂੰ ਖ਼ਤਰਨਾਕ ਦਸਦਾ ਹੈ ਅਤੇ ਕਹਿੰਦਾ ਹੈ ਅਜਿਹੇ ਮਨੁੱਖਾਂ ਉਤੇ ਵਿਸ਼ਵਾਸ ਨਹੀਂ ਕੀਤਾ ਜਾਣਾ ਚਾਹੀਦਾ। [8]

ਯਗਿਆਵਾਲਕ ਨੇ ਤਾਂ ਸੰਗੀਤ ਨੂੰ ਮੁਕਤੀ ਦਾਤਾ ਮੰਨਿਆ ਹੈ। ਉਸ ਅਨੁਸਾਰ, ਜਿਹੜਾ ਵੀਣਾ ਵਾਦਨ ਦੇ ਤੱਤ ਨੂੰ ਜਾਣਦਾ ਹੈ, ਜਿਹੜਾ ਸ਼ਰੁਤੀ ਅਤੇ ਜਾਤੀਆਂ ਦਾ ਗਿਆਨ ਰਖਦਾ ਹੈ, ਜਿਹੜਾ ਤਾਲ ਦਾ ਗਿਆਤਾ ਹੈ, ਉਹ ਬਿਨਾਂ ਜਤਨ ਦੇ ਮੁਕਤੀ ਪ੍ਰਾਪਤ ਕਰ ਲੈਂਦਾ ਹੈ। ਜਿਸ ਤਰ੍ਹਾਂ ਮੂੰਹ ਵਿਚ ਸੱਤੂ ਹੋਣ ਤਾਂ ਹੱਸਣਾ ਅਸੰਭਵ ਹੈ ਇਸੇ ਤਰ੍ਹਾਂ ਗਾਉਣ ਵੇਲੇ ਮਨ ਦਾ ਭਟਕਣਾ ਅਸੰਭਵ ਹੈ। [9] ਇਸ ਲਈ ਗੁਰਮਤਿ ਭਗਤੀ ਵਿਚ ਵੀ ਕੀਰਤਨ ਕਰਨ ਉਤੇ ਬਲ ਦਿਤਾ ਗਿਆ ਹੈ:

ਆਵਹੁ ਸਿਖ ਸਤਿਗੁਰ ਕੇ ਪਿਆਰਿਹੋ ਗਾਵਹੁ ਸਚੀ ਬਾਣੀ॥ (ਪੰ. ੯੨੦)

… … …

ਗੁਰਬਾਣੀ ਗਾਵਹੁ ਭਾਈ ਓਹ ਸਫਲ ਸਦਾ ਸੁਖਦਾਈ॥ (ਪੰ. ੬੨੯)

ਇਸ ਤਰ੍ਹਾਂ ਗੁਰਮਤਿ ਵਿਚ ਕੀਰਤਨ ਦੇ ਵਿਸ਼ੇਸ਼ ਅਰਥ ਹੋ ਗਏ ਹਨ। ਭਾਈ ਕਾਹਨ ਸਿੰਘ ਨਾਭਾ ਅਨੁਸਾਰ ਗੁਰਬਾਣੀ ਦੇ ਸੁਰ ਅਤੇ ਲੈਅ ਸਹਿਤ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ। [10] ਬਾਣੀ ਦੇ ਗਾਇਨ ਨੂੰ ਇਤਨੀ ਮਹੱਤਤਾ ਦੇਣ ਦਾ ਕਾਰਨ ਇਹ ਵੀ ਹੈ ਕਿ ਸੰਗੀਤ ਇਸ ਬਾਣੀ ਦਾ ਰਚਨਾ ਮੂਲਕ ਤੱਤ ਹੈ। ਇਹ ਕੇਵਲ ਸਰੋਤੇ ਨੂੰ ਰੁਦਿਤ ਕਰਨ ਲਈ ਇਕ ਮਾਧਿਅਮ ਹੀ ਨਹੀਂ ਹੈ।

ਇਹ ਬਾਣੀ ਕੋਈ ਸਧਾਰਨ ਗੀਤ ਨਹੀਂ ਹੈ। ਭਗਤ ਕਬੀਰ ਜੀ ਦਾ ਬਚਨ ਹੈ:

ਲੋਗ ਜਾਨੇ ਇਹ ਗੀਤ ਹੈ,

ਇਹ ਤਉ ਬ੍ਰਹਮ ਬਿਚਾਰ॥ (ਪੰ. ੩੩੫)

ਗੁਰੂ ਸਾਹਿਬਾਨ ਵੀ ਇਸ ਬਾਣੀ ਨੂੰ ਆਪਣੇ ਤਕ ਹੀ ਸੀਮਤ ਨਹੀਂ ਰਖਦੇ ਸਗੋਂ ਇਸ ਨੂੰ ਪਰਮਾਤਮਾ

ਨਾਲ ਜੋੜਦੇ ਹਨ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ॥ (ਪੰ. ੭੨੨)

... ... ...

ਧੁਰ ਕੀ ਬਾਣੀ ਆਈ ਤਿਨ ਸਗਲੀ ਚਿੰਤ ਮਿਟਾਈ॥ (ਪੰ. ੬੨੮)

... ... ...

ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥ (ਪੰ. ੭੬੩)

ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਦੇ ਕਵੀ ਆਪਣੇ ਅਧਿਆਤਮਕ ਅਨੁਭਵ ਦਾ ਪ੍ਰਗਟਾਵਾ ਕਰ ਰਹੇ ਹਨ। ਪਰ ਇਹ ਅਨੁਭਵ ਵੀ ਅਜਿਹਾ ਹੈ ਜਿਸ ਨੂੰ ਸਧਾਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ

ਸਕਦਾ। ਭਗਤ ਲੋਕ ਇਸ ਨੂੰ 'ਗੂੰਗੇ ਦੀ ਮਠਿਆਈ' ਨਾਲ ਤੁਲਨਾ ਦਿੰਦੇ ਹਨ। ਡਾ. ਪੀਤਾਂਬਰ ਦੱਤ ਬੜਥਵਾਲ ਲਿਖਦੇ ਹਨ:

'ਅਧਿਆਤਮਕ ਅਨੁਭਵ ਨੂੰ ਪ੍ਰਗਟ ਕਰਨ ਲਈ ਭਾਸ਼ਾ ਦਾ ਸਾਧਨ ਭਾਵੇਂ ਨਾਕਾਫ਼ੀ ਹੈ ਅਤੇ ਉਸ ਰੱਬੀ ਅਨੁਭਵ ਦੇ ਪ੍ਰਗਟ ਰੂਪ ਦੇ ਅਰਥ ਨੂੰ ਸਮਝਣਾ ਦੂਜਿਆਂ ਲਈ ਅਤਿਅੰਤ ਔਖਾ ਹੈ, ਫਿਰ ਵੀ ਉਸ 'ਸੱਚ' ਦੇ ਅਨੁਭਵ ਤੋਂ ਉਪਜੇ ਆਨੰਦ ਨੂੰ ਆਪਣੀ ਹਿੱਕ ਵਿਚ ਛਿਪਾ ਕੇ ਨਾ ਰੱਖ ਸਕਣ ਦੇ ਕਾਰਨ 'ਸੱਚ ਦੇ ਸਾਧਕ' ਉਸ ਨੂੰ ਪ੍ਰਗਟ ਕਰਨ ਦੇ ਆਹਰ ਵਿਚ ਜੁੱਟ ਜਾਂਦਾ ਹੈ।' [11] ਡਾ. ਪ੍ਰੇਮ ਪ੍ਰਕਾਸ਼ ਸਿੰਘ ਨੇ ਵੀ ਇਸ ਉਕਤੀ ਦਾ ਸਮਰਥਨ ਕਰਦਿਆਂ ਲਿਖਿਆ ਹੈ : 'ਅਧਿਆਤਮਕ ਮੰਡਲਾਂ ਵਿਚ ਲਗਾਤਾਰ ਸਾਧਨਾ ਕਰਨ ਤੋਂ ਉਪਰੰਤ ਪ੍ਰਾਪਤ ਕੀਤੇ ਅਧਿਆਤਮਕ ਤਜਰਬਿਆਂ ਨੂੰ ਆਪਣੇ ਸੀਨੇ ਦੀ ਚਾਰ ਦੀਵਾਰੀ ਵਿਚ ਰੋਕ ਰਖਣਾ ਇਕ ਸਾਧਕ ਲਈ ਬੜਾ ਔਖਾ ਹੈ। ਇਹਨਾਂ ਸੱਚੇ ਅਨੁਭਵਾਂ ਨੂੰ ਪ੍ਰਗਟ ਕਰਨ ਲਈ ਅਨੁਭਵ ਸਾਧਕ ਬਿਹਬਲ ਹੋ ਉਠਦਾ ਹੈ।' [12] ਪਰ ਜਿਵੇਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ ਕਿ ਅਨੁਭਵ ਸਾਧਾਰਨ ਰੂਪ ਵਿਚ ਪ੍ਰਗਟ ਨਹੀਂ ਕੀਤਾ ਜਾ ਸਕਦਾ, ਸਾਧਾਰਨ ਭਾਸ਼ਾ ਦੇ ਅੱਖਰ ਪਰਮਾਤਮਾ ਨਾਲ ਸੰਬੰਧਤ ਅਨੁਭਵ ਦਾ ਪ੍ਰਗਟਾਵਾ ਨਹੀਂ ਕਰ ਸਕਦੇ:

ਜਿਨਿ ਏਹਿ ਲਿਖੇ ਤਿਸੁ ਸਿਰਿ ਨਾਹਿ॥ (ਪੰ. ੫)

ਇਹ ਅਨੁਭਵ ਸ਼ਬਦ ਦੀ ਸਹਾਇਤਾ ਨਾਲ ਪ੍ਰਗਟ ਕੀਤਾ ਜਾ ਸਕਦਾ ਹੈ:

ਢਾਢੀ ਕਥੇ ਅਕਥੁ ਸਬਦਿ ਸਵਾਰਿਆ॥ (ਪੰ. ੧੪੯)

ਗੁਰੂ ਸਾਹਿਬ ਵੀ ਆਪਣੇ ਆਪ ਨੂੰ ਢਾਢੀ ਕਹਿੰਦੇ ਹਨ:

ਹਉ ਢਾਢੀ ਵੇਕਾਰੁ ਕਾਰੈ ਲਾਇਆ॥ (ਪੰ. ੧੫੦)

ਸੋ ਸਪਸ਼ਟ ਹੈ ਕਿ ਸੰਗੀਤ ਦੀ ਸਹਾਇਤਾ ਨਾਲ ਹੀ ਅਧਿਆਤਮਕ ਅਨੁਭਵ ਪ੍ਰਗਟ ਕੀਤਾ ਜਾ ਸਕਦਾ ਹੈ।

ਇਸ ਤਰ੍ਹਾਂ ਸੰਗੀਤ ਬਾਣੀ ਦੀ ਸਿਰਜਣਾ ਵੇਲੇ ਤੋਂ ਹੀ ਇਸ ਦੇ ਅੰਗ-ਸੰਗ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਵੱਡਾ ਹਿੱਸਾ ਰਾਗ ਬੱਧ ਹੈ। ਲਗਭਗ ਹਰ ਸ਼ਬਦ ਉਪਰ ਰਾਗ ਦਾ ਸੰਕੇਤ ਦਿਤਾ ਹੋਇਆ ਹੈ। ਵੱਖ-ਵੱਖ ਰਾਗ ਵੱਖ ਕਾਵਿ ਅਨੁਭਵ ਨੂੰ ਪ੍ਰਗਟ ਕਰਨ ਲਈ ਹਨ। ਭਾਵੇਂ ਸਾਰੀ ਬਾਣੀ ਪਰਮਾਤਮਾ ਨਾਲ ਸੰਬੰਧਤ ਹੈ ਪਰ ਸਾਧਕ ਆਪਣੇ ਮਨ ਦੀ ਅਵਸਥਾ ਕਾਰਨ ਪਰਮਾਤਮਾ ਨੂੰ ਕਈ ਰੂਪਾਂ ਵਿਚ ਚਿਤਵਦਾ ਹੈ। [13]

ਬਾਣੀ ਦਾ ਕੀਰਤਨ ਜਿਥੇ ਬਾਣੀ ਦੀ ਰਚਨਾ ਵੇਲੇ ਹੋਇਆ ਉਥੇ ਬਾਣੀ ਦੇ ਗਾਇਨ ਕਾਰਨ ਭਾਵ ਸਰੋਤੇ ਨੂੰ ਸੁਨਾਉਣ ਲਈ ਵੀ ਹੋ ਰਿਹਾ ਹੈ। ਗੁਰਮਤਿ ਵਿਚ ਕੀਰਤਨ ਕਰਨਾ ਵੀ ਭਗਤੀ ਦਾ ਅੰਗ ਹੈ ਅਤੇ ਕੀਰਤਨ ਸੁਣਨਾ ਵੀ ਭਗਤੀ ਦਾ ਅੰਗ ਹੈ। ਇਹ ਭਗਤੀ ਅਤੀ ਉਤਮ ਭਗਤੀ ਹੈ। ਇਸ ਬਾਰੇ ਭਾਈ ਮਨੀ ਜੀ ਦਾ ਕਥਨ ਵਾਚਣ ਯੋਗ ਹੈ। ਆਪ ਗੁਰੂ ਨਾਨਕ

ਦੇਵ ਜੀ ਦੇ ਉਪਦੇਸ਼ ਨੂੰ ਵਾਰਤਾਲਾਪ ਰੂਪ ਵਿਚ ਕਲਮਬੰਦ ਕਰਦਿਆਂ ਲਿਖਦੇ ਹਨ:

"ਤੁਸਾਂ ਜੋ ਬਚਨ ਕੀਤਾ ਜੁ ਕਰਮ ਸੁਗਮ ਹੈ ਕਥਾ ਕੀਰਤਨ, ਤੇ ਫ਼ਲ ਵੱਡਾ ਹੈ, ਇਹ ਅਸਾਡੇ ਸਮਝ ਵਿਚ ਕੈਸੇ ਆਵੇ ? ਤਾਂ ਬਚਨ ਹੋਇਆ ਜੋ ਲਕੜਹਾਰੇ ਲਕੜੀਆਂ ਲਿਆਵਦੇ ਹੈਨਿ ਤੇ ਪਾਂਡੀ ਪੰਡਾਂ ਲਿਆਂਵਦੇ ਹੈ, ਸੋ ਮਜੂਰੀ ਵਡੀ ਕਰਦੇ ਹੈਨਿ ਤੇ ਨਫ਼ਾ ਥੋੜਾ ਹੁੰਦਾ ਹੈ ਤੇ ਜੋ ਲੂਣ ਅੰਨ ਦੀ ਹੱਟੀ ਕਰਦੇ ਹੈਨਿ, ਮਜੂਰੀ ਓਨ੍ਹਾਂ ਦੀ ਥੋੜੀ ਹੁੰਦੀ ਹੈ ਤੇ ਨਫ਼ਾ ਵਧੀਕ ਹੁੰਦਾ ਹੈ ਤੇ ਸਰਾਫ਼ ਤੇ ਬਜਾਜ ਉਨ੍ਹਾਂ ਥੀ ਭੀ ਮਜੂਰੀ ਘਟ ਕਰਦੇ ਹੈਨਿ, ਭੂਖਣਾ ਤੇ ਰੁਪਯਾ ਦਾ ਸੌਦਾ ਕਰਦੇ ਹੈਨ ਤੇ ਨਫਾ ਬਹੁਤ ਹੁੰਦਾ ਹੈ ਤੇ ਜਵਾਹਰੀ ਹੀਰੇ ਮੋਤੀ ਦਾ ਸੌਦਾ ਕਰਦੇ ਹੈਨਿ ਤੇ ਸੁਖ ਨਾਲ ਬੈਠੇ ਰਹਿੰਦੇ ਹੈਨਿ, ਪਰ ਨਫ਼ਾ ਬਹੁਤ ਉਹਨਾਂ ਨੂੰ ਹੁੰਦਾ ਹੈ। ਤੇ ਜੋ ਉਨ੍ਹਾਂ ਦੀ ਸੇਵਾ ਕਰਦਾ ਹੈ ਸੋ ਭੀ ਮੋਤੀ ਹੀਰੇ ਦੀ ਪਰਖ ਸਿਖਦਾ ਹੈ। ਤੈਸੇ ਹੋਰ ਜੋ ਤਪ ਹੈਨ,
ਸੋ ਸਰੀਰ ਉਪਰ ਕਸ਼ਟ ਹੁੰਦਾ ਹੈ ਤੇ ਗਿਆਨ ਦੀ ਪ੍ਰਾਪਤੀ ਨਹੀਂ ਹੁੰਦੀ। ਕਥਾ ਕੀਰਤਨ ਦੇ ਪੜ੍ਹਨ ਸੁਨਣ ਕਰ ਪ੍ਰਿਥਮੇ ਤਾਂ ਉਪਾਸਨਾ ਦ੍ਰਿੜ ਹੁੰਦੀ ਹੈ ਪਿਛੋਂ ਇਸ ਦੇ ਵਿਚੋਂ ਗਿਆਨ ਪ੍ਰਾਪਤ ਹੋ ਜਾਂਦਾ ਹੈ ਤਾਂ ਤੇ ਇਹ ਸਾਂਤਕੀ ਤਪ ਹੈ ਨਫਾ ਬਹੁਤ ਹੈ...।' [14]

ਗੁਰੂ ਅਰਜਨ ਦੇਵ ਜੀ ਵੀ ਆਪਣੇ ਦੋ ਸਿੱਖਾਂ ਨੂੰ ਰੌਚਕ ਢੰਗ ਨਾਲ ਕੀਰਤਨ ਦੀ ਮਹਿਮਾ ਦਸਦੇ ਹਨ:

'ਬਾਣੀ ਦਾ ਪਾਠ ਏਹੁ ਹੈ ਜੋ ਆਪਣੇ ਖੂਹ ਦੀ ਪੈਲੀ ਪਾਣੀ ਦੇ ਕੇ ਝਬਦੇ ਪਕਾਈਦੀ ਹੈ ਅਤੇ ਅਨਾਜ ਦਾ ਬੋਹਲ ਘਰ ਲੈ ਆਵੀਦਾ ਹੈ; ਤੈਸੇ ਬਾਣੀ ਦੇ ਪਾਠ ਦਾ ਫਲ ਹੋਤਾ ਹੈ। ਪਰ ਖੂਹ ਦਾ ਪਾਣੀ ਦੂਜੇ ਦੀ ਪੈਲੀ ਨਜ਼ਦੀਕ ਹੋਵੇ ਤਾਂ ਉਸ ਨੂੰ ਭੀ ਪਹੁੰਚਦਾ ਹੈ, ਪਰ ਦੂਰ ਦੀਆਂ ਪੈਲੀਆਂ ਨੂੰ ਨਹੀਂ ਪਹੁੰਚਦਾ ਤੇ ਕੀਰਤਨ ਐਸਾ ਹੈ ਜੈਸੇ ਮੇਘ ਗਰਜ ਕੇ ਬਰਖਾ ਕਰਦਾ ਹੈ ਤਾਂ ਸਭੇ ਪੈਲੀਆਂ ਹਰੀਆਂ ਹੁੰਦੀਆਂ ਹਨ। [15]

ਕੀਰਤਨ ਭਗਤੀ ਵਿਚ ਛੇ ਅੰਗਾਂ ਤੇ ਵਿਚਾਰ ਕਰਨੀ ਜ਼ਰੂਰੀ ਹੈ।

1. ਬਾਣੀ 2. ਰਾਗ 3. ਕੀਰਤਨ 4. ਕੀਰਤਨੀਆ 5. ਸਰੋਤਾ 6. ਸੰਗਤ

ਬਾਣੀ: ਬਾਣੀ ਦੀ ਰਚਨਾ ਬਾਰੇ ਪਹਿਲਾਂ ਵਿਚਾਰ ਕਰ ਚੁਕੇ ਹਾਂ ਕਿ ਇਹ ਅਧਿਆਤਮਕ ਅਨੁਭਵ ਵਾਲੀ ਬਾਣੀ ਹੈ ਇਸ ਦੀ ਰਚਨਾ ਸਮੇਂ ਸੰਗੀਤ ਸ਼ਾਮਲ ਹੈ। ਜੇ ਇਸ ਨੂੰ ਮੁੜ ਪੜ੍ਹਨਾ ਹੈ ਤਾਂ ਸਾਧਾਰਨ ਰੂਪ ਵਿਚ ਪੜ੍ਹਿਆਂ ਇਸ ਦੇ ਭਾਵ ਨੂੰ ਅਨੁਭਵ ਨਹੀਂ ਕੀਤਾ ਜਾ ਸਕਦਾ ਸਗੋਂ ਇਸ ਦੇ ਗਾਉਣ ਜਾਂ ਕੀਰਤਨ ਕਰਨ ਨਾਲ ਹੀ ਇਸ ਦਾ ਪੂਰਾ ਪ੍ਰਭਾਵ ਪੈ ਸਕਦਾ ਹੈ।

ਰਾਗ: ਬਾਣੀ ਵੱਖ-ਵੱਖ ਰਾਗਾਂ ਵਿਚ ਦਰਜ ਹੈ। ਗੁਰਬਾਣੀ ਦੇ ਰਚਨਾ ਕਾਲ ਸਮੇਂ ਭਾਰਤੀ ਸੰਗੀਤ ਕਲਾ ਆਪਣੇ ਸਿਖਰ ਤੇ ਸੀ। ਪਰ ਇਸ ਕਲਾ ਨੂੰ ਭਗਤੀ ਲਈ ਘਟ ਅਤੇ ਰਾਜਿਆਂ-ਮਹਾਰਾਜਿਆਂ ਦੀਆਂ

ਵਿਲਾਸੀ ਰੁਚੀਆਂ ਲਈ ਵਧੇਰੇ ਪ੍ਰਯੋਗ ਕੀਤਾ ਜਾ ਰਿਹਾ ਸੀ। ਗੁਰੂ ਸਾਹਿਬਾਨ ਤੇ ਭਗਤ ਕਵੀਆਂ ਨੇ ਸੰਗੀਤ ਕਲਾ ਦਾ ਪ੍ਰਯੋਗ ਪਰਮਾਤਮਾ ਦੀ ਭਗਤੀ ਲਈ ਕੀਤਾ। ਇਸ ਸਬੰਧ ਵਿਚ ਉਹਨਾਂ ਨੇ ਰਾਗ ਨੂੰ ਨਿਸ਼ਚਿਤ ਮਨੋਰਥ ਲਈ ਵਰਤਿਆ:

ਧੰਨੁ ਸੁ ਰਾਗ ਸੁਰੰਗੜੇ ਆਲਾਪਤ ਸਭ ਤਿਖ ਜਾਇ॥ (ਪੰ. ੯੫੮)

... ... ...

ਸਭਨਾ ਰਾਗਾਂ ਵਿਚਿ ਸੋ ਭਲਾ ਭਾਈ ਜਿਤੁ ਵਸਿਆ ਮਨਿ ਆਇ॥ (ਪੰ. ੧੪੨੩)

ਇਸ ਤੋਂ ਬਿਨਾਂ ਗੁਰਬਾਣੀ ਵਿਚ ਕੁਝ ਰਾਗਾਂ ਬਾਰੇ ਵਿਸ਼ੇਸ਼ ਟਿਪਣੀਆਂ ਦੇ ਕੇ ਰਾਗ ਦੇ ਅਸਲੀ ਮਨੋਰਥ ਨੂੰ ਦ੍ਰਿੜ ਕਰਵਾਇਆ ਗਿਆ ਹੈ।

## ਸਿਰੀ ਰਾਗ

ਰਾਗਾ ਵਿਚਿ ਸ੍ਰੀ ਰਾਗੁ ਹੈ ਜੇ ਸਚਿ ਧਰੇ ਪਿਆਰੁ॥
ਸਦਾ ਹਰਿ ਸਚੁ ਮਨਿ ਵਸੈ ਨਿਹਚਲ ਮਤਿ ਅਪਾਰੁ॥ (ਪੰ.੮੩)

## ਰਾਗ ਗਉੜੀ

ਗਉੜੀ ਰਾਗਿ ਸੁਲਖਣੀ ਜੇ ਖਸਮੈ ਚਿਤਿ ਕਰੇਇ॥
ਭਾਣੈ ਚਲੈ ਸਤਿਗੁਰੂ ਕੇ ਐਸਾ ਸੀਗਾਰੁ ਕਰੇਇ॥ (ਪੰ. ੩੧੧)

## ਰਾਗ ਗੂਜਰੀ

ਗੂਜਰੀ ਜਾਤਿ ਗਵਾਹਿ ਜਾ ਸਹੁ ਪਾਏ ਆਪਣਾ॥
ਗੁਰ ਕੈ ਸਬਦਿ ਵੀਚਾਰਿ ਅਨਦਿਨੁ ਹਰਿ ਜਪੁ ਜਾਪਣਾ॥ (ਪੰ. ੫੧੬)

## ਰਾਗ ਸੋਰਠਿ

ਸੋਰਠਿ ਸੋ ਰਸੁ ਪੀਜੀਐ ਕਬਹੂ ਨ ਫੀਕਾ ਹੋਇ॥
ਨਾਨਕ ਰਾਮ ਨਾਮ ਗੁਨ ਗਾਈਅਹਿ ਦਰਗਹ ਨਿਰਮਲ ਸੋਇ॥ (ਪੰ. ੧੪੨੫)

## ਰਾਗ ਬਿਲਾਵਲ

ਹਰਿ ਉਤਮੁ ਹਰਿ ਪ੍ਰਭੁ ਗਾਵਿਆ ਕਰਿ ਨਾਦੁ ਬਿਲਾਵਲੁ ਰਾਗੁ॥
ਉਪਦੇਸੁ ਗੁਰੂ ਸੁਣਿ ਮੰਨਿਆ ਧੁਰਿ ਮਸਤਕਿ ਪੂਰਾ ਭਾਗੁ॥ (ਪੰ. ੮੪੯)

## ਰਾਗ ਧਨਾਸਰੀ

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ॥
ਤਨੁ ਮਨੁ ਸਉਪੈ ਜੀਅ ਸਉ ਭਾਈ ਲਏ ਹੁਕਮਿ ਫਿਰਾਉ॥ (ਪੰ.੧੪੧੯)

## ਰਾਗ ਵਡਹੰਸ

ਸਬਦਿ ਰਤੇ ਵਡਹੰਸ ਹੈ ਸਚੁ ਨਾਮੁ ਉਰਿਧਾਰਿ॥
ਸਚੁ ਸੰਗ੍ਰਹਹਿ ਸਦ ਸਚਿ ਰਹਹਿ ਸਚੈ ਨਾਮਿ ਪਿਆਰਿ॥ (ਪੰ. ੫੨੫)

## ਰਾਗ ਰਾਮਕਲੀ

ਰਾਮਕਲੀ ਰਾਮੁ ਮਨਿ ਵਸਿਆ ਤਾ ਬਨਿਆ ਸੀਗਾਰੁ ॥
ਗੁਰ ਕੈ ਸਬਦਿ ਕਮਲੁ ਬਿਗਾਸਿਆ ਤਾ ਸਉਪਿਆ ਭਗਤਿ ਭੰਡਾਰੁ ॥ (ਪੰ. ੯੫੦)

## ਰਾਗ ਮਾਰੂ

ਗੁਰ ਕੈ ਸਬਦਿ ਅਰਾਧੀਐ ਰਾਮਿ ਰੰਗ ਬੈਰਾਗੁ ॥
ਜੀਤੇ ਪੰਚ ਬੈਰਾਈਆ ਨਾਨਕ ਸਫਲ ਮਾਰੂ ਇਹੁ ਰਾਗੁ ॥ (ਪੰ.੧੪੨੫)

## ਰਾਗ ਕੇਦਾਰਾ

ਕੇਦਾਰਾ ਰਾਗਾਂ ਵਿਚਿ ਜਾਣੀਐ ਭਾਈ ਜੇ ਸਬਦੇ ਕਰੇ ਪਿਆਰੁ ॥
ਸਤ ਸੰਗਤਿ ਸਿਉ ਮਿਲ ਦੋ ਰਹੈ ਸਚੇ ਧਰੇ ਪਿਆਰੁ ॥ (ਪੰ. ੧੦੮੭)

## ਕੀਰਤਨ

ਗੁਰਬਾਣੀ ਦੇ ਰਾਗਾਂ ਵਿਚ ਗਾਇਨ ਕਰਨ ਨੂੰ ਕੀਰਤਨ ਕਿਹਾ ਜਾਂਦਾ ਹੈ ਅਤੇ ਇਹ ਵੀ ਅਸੀਂ ਪਹਿਲਾਂ

ਦਸ ਚੁਕੇ ਹਾਂ ਕਿ ਕੀਰਤਨ ਨੂੰ ਸਾਰੇ ਤਪਾਂ ਤੋਂ ਉੱਚਾ ਦਸਿਆ ਹੈ।

ਹੋਰ ਸਪਸ਼ਟ ਕਰਨ ਲਈ ਗੁਰੂ ਅਰਜਨ ਦੇਵ ਜੀ ਦੀਆਂ ਕੁਝ ਤੁਕਾਂ ਹਾਜ਼ਰ ਹਨ:

ਹੋਮ ਜਗ ਤੀਰਥ ਕੀਏ ਬਿਚਿ ਹਉਮੈ ਬਧੇ ਬਿਕਾਰ॥
ਨਰਕੁ ਸੁਰਗੁ ਦੁਇ ਭੁੰਚਨਾ ਹੋਇ ਬਹੁਰਿ ਅਵਤਾਰ॥
ਸਿਵ ਪੁਰੀ ਬ੍ਰਹਮ ਇੰਦ੍ਰ ਪੁਰੀ ਨਿਹਚਲੁ ਕੋ ਥਾਉ ਨਾਹਿ॥
ਬਿਨੁ ਹਰਿ ਸੇਵਾ ਸੁਖੁ ਨਹੀ ਹੋ ਸਾਕਤ ਆਵਹਿ ਜਾਹਿ॥
ਜੈਸੇ ਗੁਰਿ ਉਪਦੇਸਿਆ ਮੈ ਤੈਸੋ ਕਹਿਆ ਪੁਕਾਰਿ॥
ਨਾਨਕੁ ਕਹੈ ਸੁਨਿ ਰੇ ਮਨਾ ਕਰਿ ਕੀਰਤਨੁ ਹੋਇ ਉਧਾਰੁ॥ (ਪੰ. ੨੧੪)

ਇਕ ਹੋਰ ਸ਼ਬਦ ਵਿਚ ਗੁਰੂ ਸਾਹਿਬ, ਪਾਠ-ਪੜ੍ਹਨ, ਬੇਦ ਬੀਚਾਰਨ, ਜੋਗ ਆਸਣ ਕਰਨ, ਮੋਨੀ, ਨੰਗੇ, ਬਨਵਾਸੀ ਹੋਣ, ਤੀਰਥਾਂ ਤੇ ਜਾਣ, ਦਾਨ, ਪੂਜਾ ਅਰਚਾ, ਬੰਦਨਾ ਆਦਿ ਸਾਰੇ ਕਰਮਾਂ ਤੋਂ ਕੀਰਤਨ ਨੂੰ ਉਚੇਰਾ ਦਸਦਿਆਂ ਲਿਖਦੇ ਹਨ:

ਹਰਿ ਕੀਰਤ ਸਾਧ ਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸ ਪੁਰਬ ਲਿਖੇ ਦਾ ਲਹਨਾ॥
ਤੇਰੋ ਸੇਵਕ ਇਹ ਰੰਗ ਮਾਤਾ॥
ਭਇਓ ਕ੍ਰਿਪਾਲ ਦੀਨ ਦੁਖ ਭੰਜਨੁ ਹਰਿ ਹਰਿ ਕੀਰਤਨ ਇਹੁ ਮਨ ਰਾਤਾ॥
(ਪੰ. ੬੪੨)

## ਕੀਰਤਨੀਆ

ਗੁਰਮਤ ਕੀਰਤਨ ਭਗਤੀ ਵਿਚ ਕੀਰਤਨ ਕਰਨ ਵਾਲੇ ਕੀਰਤਨੀਏ ਦਾ ਵਿਸ਼ੇਸ਼ ਸਥਾਨ ਹੈ। ਗਾਉਣ ਵਾਲਾ ਹਰ ਵਿਅਕਤੀ ਕੀਰਤਨੀਆ ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀ ਹਰ ਬੰਦੇ ਦੇ ਗਾਏ ਸ਼ਬਦਾਂ, ਭਜਨਾਂ ਆਦਿ ਤੇ ਪਰਮਾਤਮਾ ਪ੍ਰਸੰਨ ਹੋ ਜਾਂਦਾ ਹੈ। ਗੁਰਬਾਣੀ ਵਿਚ ਲਿਖਿਆ ਹੈ:

ਕੋਈ ਗਾਵੈ ਰਾਗੀ ਨਾਦੀ ਬੇਦੀ ਬਹੁ ਭਾਂਤਿ ਕਰਿ ਨਹੀ ਹਰਿ ਹਰਿ ਭੀਜੇ ਰਾਮ ਰਾਜੇ ॥
ਜਿਨਾ ਅੰਤਰਿ ਕਪਟੁ ਵਿਕਾਰੁ ਹੈ ਤਿਨਾ ਰੋਇ ਕਿਆ ਕੀਜੈ ॥
ਹਰਿ ਕਰਤਾ ਸਭੁ ਕਿਛੁ ਜਾਣਦਾ ਸਿਰਿ ਰੋਗ ਹੁ ਦੀਜੈ ॥
ਜਿਨਾ ਨਾਨਕ ਗੁਰਮੁਖਿ ਹਿਰਦਾ ਸੁਧੁ ਹੈ ਹਰਿ ਭਗਤਿ ਹਰਿ ਲੀਜੈ ॥ (ਪੰ. ੪੫੦)

ਗੁਰਬਾਣੀ ਕੀਰਤਨ ਭਗਤੀ ਵਿਚ ਪ੍ਰੇਮ ਤੋਂ ਬਿਨਾਂ ਜਿਹੜਾ ਕੋਈ ਕਥਾ-ਕੀਰਤ ਕਰਦਾ ਹੈ ਉਸ ਨੂੰ ਕੜਛੀਆਂ ਨਾਲ ਤੁਲਨਾ ਕੀਤੀ ਜਾਂਦੀ ਹੈ ਜਿਹੜੀਆਂ ਸਭ ਰਸਾਂ ਵਿਚ ਫਿਰਦੀਆਂ ਵੀ ਰਸ ਨਹੀਂ ਲੈ ਸਕਦੀਆਂ:

ਕਛੜੀਆ ਫਿਰੰਨਿ ਸੁਆਉ ਨ ਜਾਣਨਿ ਸੁਞੀਆਂ ॥

ਸੇਈ ਮੁਖ ਦਿਸੰਨਿ੍ ਨਾਨਕ ਰਤੇ ਪ੍ਰੇਮ ਰਸਿ ॥ (ਪੰ. ੫੨੧)

ਗੁਰਬਾਣੀ ਉਸ ਕੀਰਤਨੀਏ ਨੂੰ ਭਲਾ ਕਹਿੰਦੀ ਹੈ ਜਿਹੜਾ ਲੋਭ ਲਾਲਚ ਤਿਆਗ ਕੇ ਕੀਰਤਨ ਕਰਦਾ ਹੈ:

ਜੇ ਕੋ ਅਪਨੇ ਠਾਕੁਰ ਭਾਵੈ ॥
ਕੋਟਿ ਮਧਿ ਏਹੁ ਕੀਰਤਨ ਗਾਵੈ ॥
ਸਾਧ ਸੰਗਤ ਕੀ ਜਾਵਉ ਟੇਕ ॥
ਕਹੁ ਨਾਨਕ ਤਿਸੁ ਕੀਰਤਨੁ ਏਕ ॥ (ਪੰ. ੮੮੫)

**ਸਰੋਤਾ**

ਕੀਰਤਨ ਭਗਤੀ ਵਿਚ ਸਰੋਤੇ ਦਾ ਵੀ ਵਿਸ਼ੇਸ਼ ਸਥਾਨ ਹੈ। ਗੁਰੂ ਨਾਨਕ ਦੇਵ ਜੀ ਨਾਲ ਸਬੰਧਤ ਕਾਗ ਭਸੁੰਡ ਦੀ ਸਾਖੀ ਵਿਚ ਲਿਖਿਆ ਹੈ:

ਇਕ ਰਾਗ ਰਾਗਨੀਆ ਸਮਝਦੇ ਹੈਨ। ਇਕ ਸੁਰ ਨੂੰ ਸਮਝਦੇ ਹੈਨ। ਇਕ ਸਾਜ ਨੂੰ ਸਮਝਦੇ ਹੈਨ। ਇਕ ਸ਼ਬਦ ਦੇ ਤਾਤਪਰਜ ਨੂੰ ਸਮਝਦੇ ਹੈਨ। ਤੁਮ ਵੱਡੇ ਸ੍ਰੋਤੇ ਹੋ ਜੋ ਸਬਦ ਦੇ ਤਾਤਪਰਜ ਨੂੰ ਸਮਝਦੇ ਹੋ। ਕਾਗ ਭਸੁੰਡ ਕਹਿਆ ਉਤਮ ਹੈ ਜੋ ਮਹਾਰਾਜ ਦੇ ਤਾਤਪਰਜ ਨੂੰ ਸਮਝਦੇ ਹੈਂ ਸੋ ਰਸ ਪਾਵਤੇ ਹੈ ਜੋ ਰਾਗਾਂ ਨੂੰ ਤਾਰਾਂ ਨੂੰ ਸਮਝਦੇ ਹੈਂ ਸੋ ਛਿਲ ਖਾਤੇ ਹੈਂ।

ਗੁਰੂ ਅਰਜਨ ਦੇਵ ਜੀ ਦੇ ਕਥਨ ਹਨ:

ਗੁਰਦੁਆਰੈ ਹਰਿ ਕੀਰਤਨ ਸੁਣੀਐ ॥
ਸਤਿਗੁਰ ਭੇਟਿ ਹਰਿ ਗਸੁ ਮੁਖ ਭਣੀਐ ॥

ਕਲਿ ਕਲੇਸ ਮਿਟਾਏ ਸਤਿਗੁਰ ਹਰਿ ਦਰਗਹ ਦੇਵੈ ਮਾਨਾ ਹੇ ॥ (ਪੰ. ੧੦੭੫)

**ਸੰਗਤ**

ਕੀਰਤਨ ਭਗਤੀ ਇਕ ਤਰ੍ਹਾਂ ਸਰਬੰਗੀ ਭਗਤੀ ਹੈ। ਇਸ ਭਗਤੀ ਵਿਚ ਸ਼ਾਮਲ ਹੋਣ ਨਾਲ ਵਿਅਕਤੀ ਹਰ ਤਰ੍ਹਾਂ ਦੀ ਭਗਤੀ ਕਰ ਸਕਦਾ ਹੈ। ਕੀਰਤਨ ਕਰਨਾ, ਕੀਰਤਨ ਸੁਣਨਾ, ਕੀਰਤਨ ਲਈ ਜੁੜੀ ਸੰਗਤ ਦੀ ਸੇਵਾ ਕਰਨਾ, ਉਹਨਾਂ ਸਰੋਤਿਆਂ ਨਾਲ ਪ੍ਰੇਮ ਭਾਵ ਨਾਲ ਵਿਚਰਨਾ ਆਦਿ ਕਾਰਜ ਕੀਰਤਨ ਭਗਤੀ ਵਿਚ ਸ਼ਾਮਲ ਹੋ ਜਾਂਦੇ ਹਨ। ਜਿਥੇ ਕੀਰਤਨ ਹੁੰਦਾ ਹੈ ਉਹ ਸਥਾਨ ਪਵਿੱਤਰ ਹੋ ਜਾਂਦਾ ਹੈ:

ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥
ਕਿਤਹੀ ਕਾਮਿ ਨ ਧਉਲਹਰ ਜਿਤੁ ਹਰਿ ਬਿਸਰਾਏ ॥ (ਪੰ.੭੪੫)

ਸੰਗਤ ਵਿਚ ਜਿਥੇ ਕੀਰਤਨ ਹੁੰਦਾ ਹੈ ਉਥੇ ਪਰਮਾਤਮਾ ਆਪ ਵਸਦਾ ਹੈ:

ਸਤ ਸੰਗਤਿ ਮਹਿ ਹਰਿ ਹਰਿ ਵਸਿਆ ਮਿਲਿ ਸੰਗਤਿ ਹਰਿ ਗੁਨ ਜਾਨ ॥ (ਪੰ. ੧੩੩੫)

ਇਸੇ ਲਈ ਗੁਰੂ ਸਾਹਿਬ ਉਚਾਰਦੇ ਹਨ:

ਸੋ ਅਥਾਨ ਬਤਾਵਹੁ ਮੀਤਾ ॥ ਜਾ ਕੈ ਹਰਿ ਹਰਿ ਕੀਰਤਨੁ ਕੀਤਾ ॥ (ਪੰ. ੩੮੫)

ਸੋ ਸਮੁੱਚੇ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਗੁਰਮਤਿ ਕੀਰਤਨ ਭਗਤੀ, ਗੁਰਬਾਣੀ, ਸੰਗੀਤ, ਕੀਰਤਨ, ਕੀਰਤਨੀਆ, ਸਰੋਤਾ, ਸੰਗਤ ਆਦਿ ਦਾ ਸੁੰਦਰ ਸੁਮੇਲ ਹੈ। ਇਹ ਸਾਰੇ ਅੰਗ ਪ੍ਰੇਮ ਅਤੇ ਵਿਸ਼ਵਾਸ ਦੇ ਧਾਗੇ ਨਾਲ ਪਰੋਤੇ ਹੋਏ ਹਨ।

ਹਵਾਲੇ:

1. ਡਾ. ਮਨਮੋਹਨ ਸਿੰਘ, ਗੁਰੂ ਰਵਿਦਾਸ ਅੰਕ, ਪੰਜਾਬੀ ਦੁਨੀਆ, ਜੁਲਾਈ, ਅਗਸਤ, 1971, ਪੰ. 125

2. ਭਗਤਿ ਨਵੈ ਪਰਕਾਰਾ। ਸਿਰੀ ਰਾਗ ਮਹਲਾ ੫, ਆਦਿ ਗ੍ਰੰਥ, ਪੰ. 71

3. ਨ ਨਾਦੇਨ ਵਿਨਾ ਗੀਤੰਨੰ ਨਾਦੇਨ ਵਿਨਾ ਸਵਰ।
ਨ ਨਾਦੇਨ ਵਿਨ ਨਰਿੱਤੇ ਤਸਮਾਨਾਚਤਮਨੰ ਜਗਤ। 'ਸੰਗੀਤ' (ਪੱਤ੍ਰਿਕਾ), ਅਪਰੈਲ 1967

4. ਵਿਮਲਾ ਕਾਂਤ ਰਾਇ ਚੌਧਰੀ, ਭਾਰਤੀਯ ਸੰਗੀਤ ਕੋਸ਼, ਪੰ. 66

5. Hamayun Kabir, The Indian Heritage, p. ੧੨੯

6. ਉਮਾ ਮਿਸ਼ਰ, ਕਾਵਿ ਔਰ ਸੰਗੀਤ ਕਾ ਪਾਰਸਪਰਿਕ ਸੰਬੰਧ, ਪੰ. 31

7. ਹਰਦੁਆਰੀ ਲਾਲ ਸ਼ਰਮਾ, ਸੌਂਦਰਯ ਸ਼ਾਸਤਰ, ਪੰ. 183

8. Shakespeare, The Marchant of Venice, p. ੭੯-੮੦

9. ਹਵਾਲਾ, ਪੰਡਤ ਓਅੰਕਾਰ ਨਾਥ ਠਾਕੁਰ, ਪ੍ਰਣਵ ਭਾਰਤੀ, (ਪ੍ਰਥਮ ਵੀਣਾ), ਪੰ. 14

10. ਓਅੰਕਾਰ ਨਾਥ ਠਾਕੁਰ, ਉਹੀ, ਪੰ. 6

11. ਗੁਰਮਤਿ ਪ੍ਰਭਾਕਰ, ਪੰ. 616

12. ਹਿੰਦੀ ਕਾਵਯ ਮੇਂ ਨਿਰਗੁਣ ਸੰਪਰਦਾਯ, ਪੰ. 375

13. ਗੁਰੂ ਨਾਨਕ ਅਤੇ ਨਿਰਗੁਣ ਧਾਰਾ, ਪੰ. 271

14. ਭਾਈ ਮਨੀ ਸਿੰਘ, ਸਿੱਖਾ ਦੀ ਭਗਤਮਾਲਾ, ਪੰ. 45-47

15. ਉਹੀ, ਪੰ. 91-92

# ਗੁਰੂ ਨਾਨਕ ਦੇਵ ਜੀ ਦੀ 'ਆਰਤੀ' ਬਾਣੀ: ਜਾਣ ਪਛਾਣ, ਇਤਿਹਾਸਕ ਅਤੇ ਸੰਗੀਤਕ ਪਖ

*ਗੁਰੂ ਗ੍ਰੰਥ ਸਾਹਿਬ ਪ੍ਰੋਜੈਕਟ ਟੀਮ

ਗੁਰੂ ਨਾਨਕ ਸਾਹਿਬ ਦੁਆਰਾ ਉਚਾਰਿਆ ਇਹ ਸ਼ਬਦ ਗੁਰੂ ਗ੍ਰੰਥ ਸਾਹਿਬ ਦੇ ਪੰਨਾ ੬੬੩ ਉਪਰ 'ਆਰਤੀ' ਸਿਰਲੇਖ ਅਧੀਨ ਦਰਜ ਹੈ। ਇਸ ਸ਼ਬਦ ਦੇ ਚਾਰ ਬੰਦ ਹਨ। 'ਰਹਾਉ'[1] ਦਾ ਇਕ ਬੰਦ ਇਨ੍ਹਾਂ ਤੋਂ ਵਖਰਾ ਹੈ।

**ਹਵਾਲੇ ਅਤੇ ਟਿਪਣੀਆਂ**

[1] ਗੁਰੂ ਗ੍ਰੰਥ ਸਾਹਿਬ ਵਿਚ 'ਰਹਾਉ' ਦੀ ਵਰਤੋਂ ਛੰਤਾਂ ਅਤੇ ਵਾਰਾਂ ਨੂੰ ਛਡ ਕੇ ਰਾਗਾਂ ਵਿਚ ਰਚੇ ਲਗਭਗ ਸਾਰੇ ਸ਼ਬਦਾਂ ਵਿਚ ਕੀਤੀ ਗਈ ਹੈ। ਸੰਗੀਤਕ ਦ੍ਰਿਸ਼ਟੀਕੋਣ ਤੋਂ 'ਰਹਾਉ' ਸ਼ਬਦ ਦੀ 'ਟੇਕ' (ਸਥਾਈ) ਨੂੰ ਦਰਸਾਉਂਦਾ ਹੈ; ਭਾਵ, ਉਹ ਤੁਕ ਜਾਂ ਤੁਕਾਂ, ਜੋ ਗਾਉਣ ਵੇਲੇ ਸ਼ਬਦ ਦੇ ਹਰ ਬੰਦ ਤੋਂ ਬਾਅਦ ਦੁਹਰਾਈਆਂ ਜਾਂਦੀਆਂ ਹਨ। ਇਸ ਤੋਂ ਇਲਾਵਾ, 'ਰਹਾਉ' ਵਾਲੀ ਤੁਕ ਜਾਂ ਤੁਕਾਂ, ਉਸ ਸ਼ਬਦ ਜਾਂ ਰਚਨਾ ਦਾ ਕੇਂਦਰੀ ਭਾਵ ਵੀ ਪ੍ਰਗਟ ਕਰਦੀਆਂ ਹਨ। 'ਰਹਾਉ' ਦੀਆਂ ਤੁਕਾਂ ਹਮੇਸ਼ਾ ਸ਼ਬਦ ਜਾਂ ਰਚਨਾ ਦੇ ਬਾਕੀ ਬੰਦਾਂ ਤੋਂ ਵਖਰੇ ਤੌਰ 'ਤੇ ਗਿਣੀਆਂ ਜਾਂਦੀਆਂ ਹਨ। ਜਦੋਂ ਇਕ ਸ਼ਬਦ ਵਿਚ ਦੋ 'ਰਹਾਉ' (ਰਹਾਉ/ਰਹਾਉ ਦੂਜਾ) ਹੁੰਦੇ ਹਨ, ਤਾਂ ਪਹਿਲਾ 'ਰਹਾਉ' ਇਕ ਪ੍ਰਸ਼ਨ ਦੇ ਰੂਪ ਵਿਚ ਹੁੰਦਾ ਹੈ ਅਤੇ ਦੂਜਾ 'ਰਹਾਉ' (ਰਹਾਉ ਦੂਜਾ) ਉਸ ਪ੍ਰਸ਼ਨ ਦੇ ਉੱਤਰ ਨੂੰ ਪੇਸ਼ ਕਰਦਾ ਹੈ। ਆਮ ਤੌਰ ਤੇ ਇਕ ਸ਼ਬਦ ਵਿਚ ਸਿਰਫ ਇਕ 'ਰਹਾਉ' ਹੀ ਹੁੰਦਾ ਹੈ ਪਰ ਕਿਸੇ ਸ਼ਬਦ ਵਿਸ਼ੇਸ਼ ਵਿਚ ਕਈ 'ਰਹਾਉ'ਵੀ ਹੋ ਸਕਦੇ ਹਨ। ਇਨ੍ਹਾਂ ਸਥਿਤੀਆਂ ਵਿਚ ਸੰਬੰਧਤ 'ਰਹਾਉ' ਉਸ ਸ਼ਬਦ ਦੇ ਵਖ-ਵਖ ਬੰਦਾਂ ਦੇ ਵਿਸ਼ਿਆਂ ਨੂੰ ਪ੍ਰਗਟ ਕਰਦੇ ਹਨ।

ਧਨਾਸਰੀ ਮਹਲਾ ੧ ਆਰਤੀ

ੴ ਸਤਿਗੁਰ ਪ੍ਰਸਾਦਿ ॥

ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪੁ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ॥੧॥

ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ ॥ ਅਨਹਤਾ ਸਬਦ ਵਾਜੰਤ ਭੇਰੀ ॥੧॥ ਰਹਾਉ ॥

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ ॥ ਸਹਸ ਪਦ ਬਿਮਲ ਨਨ ਏਕ ਪਦ ਗੰਧ ਬਿਨੁ ਸਹਸ ਤਵ ਗੰਧ ਇਵ ਚਲਤ ਮੋਹੀ ॥੨॥

ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ ॥ ਗੁਰ ਸਾਖੀ ਜੋਤਿ ਪਰਗਟੁ ਹੋਇ ॥ ਜੋ ਤਿਸੁ ਭਾਵੈ ਸੁ ਆਰਤੀ ਹੋਇ ॥੩॥

ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ ॥ ਕ੍ਰਿਪਾ ਜਲੁ ਦੇਹਿ ਨਾਨਕ ਸਾਰਿੰਗ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ ॥੪॥੧॥੭॥੯॥

**- ਗੁਰੂ ਗ੍ਰੰਥ ਸਾਹਿਬ ੬੬੩**

'ਆਰਤੀ' ਦੇ ਸੰਬੰਧ ਵਿਚ ਇਹ ਵੀ ਪ੍ਰਚਲਤ ਹੈ ਕਿ ਇਕ ਵਾਰੀ ਮਸ਼ਹੂਰ ਪੰਜਾਬੀ ਅਦਾਕਾਰ ਬਲਰਾਜ ਸਾਹਨੀ ਨੇ ਬੰਗਲਾ ਭਾਸ਼ਾ ਦੇ ਮਹਾਨ ਕਵੀ ਸ੍ਰੀ ਰਾਬਿੰਦਰਨਾਥ ਟੈਗੋਰ [ਨੋਬਲ ਪੁਰਸਕਾਰ ਵਿਜੇਤਾ] ਨੂੰ ਕਿਹਾ ਕਿ ਤੁਸੀਂ ਦੇਸ ਲਈ ਕੌਮੀ ਤਰਾਨਾ ਲਿਖਿਆ ਹੈ; ਇਕ ਕੌਮਾਂਤਰੀ ਤਰਾਨਾ ਕਿਉਂ ਨਹੀਂ ਲਿਖਦੇ, ਜੋ ਸਾਰੀ ਦੁਨੀਆ ਦੇ ਲੋਕਾਂ ਦਾ ਸਾਂਝਾ ਹੋਵੇ। ਟੈਗੋਰ ਨੇ ਜਵਾਬ ਦਿਤਾ ਕਿ ਇਸ ਤੋਂ ਵੀ ਵਡਾ ਪੂਰੀ ਸ੍ਰਿਸ਼ਟੀ ਦਾ ਤਰਾਨਾ ਸੋਲ੍ਹਵੀਂ ਸਦੀ ਵਿਚ ਗੁਰੂ ਨਾਨਕ ਸਾਹਿਬ ਵਲੋਂ 'ਆਰਤੀ' ਰੂਪ ਵਿਚ ਲਿਖਿਆ ਜਾ ਚੁੱਕਾ ਹੈ। ਟੈਗੋਰ ਨੇ 'ਆਰਤੀ' ਦਾ ਬੰਗਲਾ ਭਾਸ਼ਾ ਵਿਚ ਅਨੁਵਾਦ ਵੀ ਕੀਤਾ ਹੈ।[2] ਹਿੰਦੂ ਮਤ ਅਨੁਸਾਰ ਕਿਸੇ ਦੇਵੀ-ਦੇਵਤੇ ਦੀ ਮੂਰਤੀ ਜਾਂ ਕਿਸੇ ਪੂਜਨੀਕ ਵਿਅਕਤੀ ਅਗੇ ਦੀਵੇ ਘੁੰਮਾ ਕੇ ਪੂਜਾ ਕਰਨ ਨੂੰ 'ਆਰਤੀ' ਕਿਹਾ ਜਾਂਦਾ ਹੈ। ਇਕ ਤੋਂ ਲੈ ਕੇ ਸੌ ਤੱਕ ਜਗਾਏ ਜਾਂਦੇ ਇਹ ਦੀਵੇ ਚਾਰ ਵਾਰ ਚਰਣਾਂ, ਦੋ ਵਾਰ

---

[2] ਜਸਬੀਰ ਕੇਸਰ, ਚੜਿਆ ਸੋਧਣਿ ਧਰਤਿ ਲੁਕਾਈ, ਪੰਜਾਬੀ ਟ੍ਰਿਬਿਊਨ, ਚੰਡੀਗੜ੍ਹ, ੧੨ ਨਵੰਬਰ ੨੦੧੯, ਪੰਨਾ ੭

ਨਾਭੀ, ਇਕ ਵਾਰ ਮੂੰਹ ਅਤੇ ਸੱਤ ਵਾਰ ਪੂਰੇ ਸਰੀਰ ਉਪਰ ਘੁੰਮਾਏ ਜਾਂਦੇ ਹਨ।[3]

ਸਿਖ ਪਰੰਪਰਾ ਵਿਚ 'ਆਰਤੀ' ਨਾਲ ਸੰਬੰਧਤ ਇਸ ਸ਼ਬਦ ਦਾ ਮਹੱਤਵ ਇਸ ਪਖ ਤੋਂ ਵੀ ਦੇਖਿਆ ਜਾ ਸਕਦਾ ਹੈ ਕਿ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਸਾਹਿਬ ਦੇ ਕਰਤਾਰਪੁਰ ਨਿਵਾਸ ਵੇਲੇ 'ਸੋ ਦਰੁ' ਦੇ ਨਾਲ 'ਆਰਤੀ' ਗਾਏ ਜਾਣ ਵੱਲ ਵੀ ਆਪਣੀਆਂ ਵਾਰਾਂ ਵਿਚ ਸਪਸ਼ਟ ਸੰਕੇਤ ਕੀਤਾ ਹੈ:

**ਸੋ ਦਰੁ ਆਰਤੀ ਗਾਵੀਐ ਅੰਮ੍ਰਿਤ ਵੇਲੇ ਜਾਪੁ ਉਚਾਰਾ। - ਵਾਰ ੧ ਪਉੜੀ ੩੮**

**ਰਾਤੀ ਕੀਰਤਿ ਸੋਹਿਲਾ ਕਰਿ ਆਰਤੀ ਪਰਸਾਦੁ ਵਡੰਦੇ। - ਵਾਰ ੬ ਪਉੜੀ ੩**

**ਰਾਤਿ ਆਰਤੀ ਸੋਹਿਲਾ ਮਾਇਆ ਵਿਚ ਉਦਾਸੁ ਰਹਾਇਆ। -ਵਾਰ ੨੬ ਪਉੜੀ ੪**

---

[3] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੨੦੦੬, ਪੰਨਾ ੧੦੪

ਗੁਰੂ ਗ੍ਰੰਥ ਸਾਹਿਬ ਵਿਚ ਹੇਠ ਲਿਖੇ ਭਗਤ ਸਾਹਿਬਾਨ ਦਾ ਵੀ 'ਆਰਤੀ' ਨਾਲ ਸੰਬੰਧਤ ੧-੧ ਸ਼ਬਦ ਦਰਜ ਹੈ:

**ਭਗਤ ਰਵਿਦਾਸ ਜੀ, ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ -ਗੁਰੂ ਗ੍ਰੰਥ ਸਾਹਿਬ ੬੯੪**

**ਭਗਤ ਸੈਣ ਜੀ, ਧੂਪ ਦੀਪ ਘ੍ਰਿਤ ਸਾਜਿ ਆਰਤੀ॥ -ਗੁਰੂ ਗ੍ਰੰਥ ਸਾਹਿਬ ੬੯੫**

**ਭਗਤ ਕਬੀਰ ਜੀ, ਲੇਹੁ ਆਰਤੀ ਹੋ ਪੁਰਖ ਨਿਰੰਜਨ ਸਤਿਗੁਰ ਪੂਜਹੁ ਭਾਈ॥ - ਗੁਰੂ ਗ੍ਰੰਥ ਸਾਹਿਬ ੧੩੫੦**

ਇਨ੍ਹਾਂ ਸਮੂਹ ਸ਼ਬਦਾਂ ਦਾ ਮਜ਼ਮੂਨ ਲਗਭਗ ਮਿਲਦਾ ਜੁਲਦਾ ਹੀ ਹੈ: "ਗੁਰਸਿੱਖਾਂ ਲਈ ਵਾਹਿਗੁਰੂ ਦੀ ਸਿਫ਼ਤਿ-ਸਾਲਾਹ ਹੀ ਧੂਪ, ਦੀਪ, ਘ੍ਰਿਤ, ਫੁਲ ਆਦਿ ਆਰਤੀ ਦੀ ਸਮਗਰੀ ਹੈ। ਜੀਵਨ ਦੇ ਸਫਲ ਨਿਰਬਾਹ ਲਈ ਉਹਨਾਂ ਦੀਆਂ ਸਾਰੀਆਂ ਯੋਗ ਮੰਗਾਂ, ਭਾਵੇਂ ਪਦਾਰਥਕ ਹੋਣ ਜਾਂ ਅਧਿਆਤਮਕ, ਆਪਣੇ ਵਾਹਿਗੁਰੂ ਅੱਗੇ ਹੀ ਹੁੰਦੀਆਂ ਹਨ, ਕਿਸੇ ਦੇਵੀ ਦੇਵਤੇ ਅੱਗੇ ਨਹੀਂ। ਸਮੁੱਚੇ ਤੌਰ 'ਤੇ, ਗੁਰਬਾਣੀ ਰਾਹੀਂ ਕੀਤੀ ਆਰਤੀ ਜਗਿਆਸੂ ਨੂੰ ਬਹੁ-ਦੇਵ ਪੂਜਾ ਅਤੇ ਕਰਮ-ਕਾਂਡ ਤੋਂ ਹੋੜ ਕੇ ਕੇਵਲ

ਵਾਹਿਗੁਰੂ ਨਾਮ-ਸਿਮਰਨ-ਮਈ ਪੂਜਾ ਦ੍ਰਿੜ ਕਰਾਉਂਦੀ ਹੈ ਅਤੇ ਕੇਵਲ ਅਕਾਲ ਪੁਰਖ ਪਰਾਇਣ ਹੋਣ ਦੀ ਪ੍ਰੇਰਨਾ ਦੇਂਦੀ ਹੈ।" [4]

'ਅੰਮ੍ਰਿਤ ਕੀਰਤਨ' ਪੋਥੀ ਅਤੇ ਕੁਝ ਗੁਟਕਿਆਂ ਵਿਚ ਉਪਰੋਕਤ ਸ਼ਬਦਾਂ ਨਾਲ ਕੁਝ ਹੋਰ ਸ਼ਬਦਾਂ ਨੂੰ ਵੀ 'ਆਰਤੀ' ਸਿਰਲੇਖ ਹੇਠ ਛਾਪਿਆ ਜਾ ਰਿਹਾ ਹੈ, ਜਿਨ੍ਹਾਂ ਦੀ ਗਿਣਤੀ ਵਿਚ ਇਕਸਾਰਤਾ ਨਹੀਂ ਹੈ। 'ਅੰਮ੍ਰਿਤ ਕੀਰਤਨ' ਪੋਥੀ[5] ਵਿਚ ਹੇਠ ਲਿਖੇ ਸ਼ਬਦ ਸ਼ਾਮਲ ਹਨ:

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ - ਗੁਰੂ ਗ੍ਰੰਥ ਸਾਹਿਬ ੧੩**

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ - ਗੁਰੂ ਗ੍ਰੰਥ ਸਾਹਿਬ ੬੯੪**

**ਧੂਪ ਦੀਪ ਘ੍ਰਿਤ ਸਾਜਿ ਆਰਤੀ॥ - ਗੁਰੂ ਗ੍ਰੰਥ ਸਾਹਿਬ ੬੯੫**

**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ॥ - ਗੁਰੂ ਗ੍ਰੰਥ ਸਾਹਿਬ ੧੩੫੦**

---

4[4] ਭਾਈ ਜੋਗਿੰਦਰ ਸਿੰਘ ਤਲਵਾੜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੧, ਬਾਣੀ ਬਿਉਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪, ਪੰਨਾ ੩੩

[5] ਕੂਕਰ ਰਾਮ ਕਉ (ਸੰਪਾ.), ਅੰਮ੍ਰਿਤ ਕੀਰਤਨ, ਖਾਲਸਾ ਬ੍ਰਦਰਜ਼, ਅੰਮ੍ਰਿਤਸਰ, ੨੦੧੧, ਪੰਨੇ ੮੩੫-੮੩੮

**ਗੋਪਾਲ ਤੇਰਾ ਆਰਤਾ॥[6]-ਗੁਰੂ ਗ੍ਰੰਥ ਸਾਹਿਬ ੬੯੫**

**ਯਾਤੇ ਪ੍ਰਸੰਨ ਭਏ ਹੈ ਮਹਾ ਮੁਨ ਦੇਵਨ ਕੇ ਤਪ ਮੈ ਸੁਖ ਪਾਵੈ ॥ - ਦਸਮ ਗ੍ਰੰਥ, ਉਕਤ ਬਿਲਾਸ ਛੰਦ ੫੪**

**ਹੇ ਰਵਿ ਹੇ ਸਸਿ ਹੇ ਕਰੁਨਾਨਿਧਿ ਮੇਰੀ ਅਬੈ ਬਿਨਤੀ ਸੁਨਿ ਲੀਜੈ॥ - ਦਸਮ ਗ੍ਰੰਥ, ਕ੍ਰਿਸ਼ਨਾਵਤਾਰ ਛੰਦ ੧੯੦੦**

**ਪਾਂਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀ ਆਨਯੋ ॥ - ਦਸਮ ਗ੍ਰੰਥ, ਰਾਮ ਅਵਤਾਰ ਛੰਦ ੮੬੩॥**

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ - ਦਸਮ ਗ੍ਰੰਥ, ਰਾਮ ਅਵਤਾਰ ਛੰਦ ੮੬੪**

**ਚਤ੍ਰ ਚੱਕ੍ਰ ਵਰਤੀ ਚਤ੍ਰ ਚੱਕ੍ਰ ਭੁਗਤੇ॥ - ਦਸਮ ਗ੍ਰੰਥ, ਜਾਪ ਛੰਦ ੧੯੯**

ਸ੍ਰੀ ਦਰਬਾਰ ਸਾਹਿਬ (ਹਰਿਮੰਦਰ ਸਾਹਿਬ), ਅੰਮ੍ਰਿਤਸਰ, ਵਿਖੇ ਹੇਠ ਲਿਖੇ ਸ਼ਬਦਾਂ ਦਾ ਗਾਇਨ ਕੀਤਾ ਜਾਂਦਾ ਹੈ:[7]

---

[6] ਭਗਤ ਧੰਨਾ ਜੀ ਦੇ ਇਸ ਸ਼ਬਦ ਦਾ ਸੰਬੰਧ 'ਆਰਤੀ' ਨਾਲ ਨਹੀਂ ਹੈ। ਜਾਪਦਾ ਹੈ ਇਹ ਭੁਲੇਖਾ 'ਆਰਤਾ' (ਆਰਤ, ਦੁਖਿਆਰਾ) ਸ਼ਬਦ ਨੂੰ 'ਆਰਤੀ' ਦਾ ਪੁਲਿੰਗ ਰੂਪ ਸਮਝਣ ਤੋਂ ਪਿਆ ਹੈ।

[7] ਇਹ ਵੇਰਵਾ ੧੫ ਦਸੰਬਰ, ੨੦੧੯ ਨੂੰ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ ਵਿਖੇ ਪੜ੍ਹੇ ਗਏ ਸ਼ਬਦਾਂ 'ਤੇ ਅਧਾਰਤ ਹੈ।

**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥ - ਗੁਰੂ ਗ੍ਰੰਥ ਸਾਹਿਬ ੧੩**

**ਨਾਮੁ ਤੇਰੋ ਆਰਤੀ ਮਜਨੁ ਮੁਰਾਰੇ॥ - ਗੁਰੂ ਗ੍ਰੰਥ ਸਾਹਿਬ ੬੯੪**

**ਧੂਪ ਦੀਪ ਘ੍ਰਿਤ ਸਾਜਿ ਆਰਤੀ॥ - ਗੁਰੂ ਗ੍ਰੰਥ ਸਾਹਿਬ ੬੯੫**

**ਸੁੰਨ ਸੰਧਿਆ ਤੇਰੀ ਦੇਵ ਦੇਵਾਕਰ ਅਧਪਤਿ ਆਦਿ ਸਮਾਈ॥ - ਗੁਰੂ ਗ੍ਰੰਥ ਸਾਹਿਬ ੧੩੫੦**

**ਗੋਪਾਲ ਤੇਰਾ ਆਰਤਾ॥[8] - ਗੁਰੂ ਗ੍ਰੰਥ ਸਾਹਿਬ ੬੯੫**

**ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਜੋ॥ - ਦਸਮ ਗ੍ਰੰਥ, ਰਾਮ ਅਵਤਾਰ ਛੰਦ ੮੬੩**

**ਸਗਲ ਦੁਆਰ ਕਉ ਛਾਡਿ ਕੈ ਗਹਿਓ ਤੁਹਾਰੋ ਦੁਆਰ॥ - ਦਸਮ ਗ੍ਰੰਥ, ਰਾਮ ਅਵਤਾਰ ਛੰਦ ੮੬੪**

ਇਸ ਤਰ੍ਹਾਂ 'ਆਰਤੀ' ਦੇ ਵਖ-ਵਖ ਰੂਪ ਮੌਜੂਦ ਹਨ। ਪਹਿਲਾ, ਗੁਰੂ ਨਾਨਕ ਸਾਹਿਬ ਦੁਆਰਾ ਉਚਾਰਿਆ ਉਹ ਮੁਢਲਾ ਸ਼ਬਦ ਹੈ, ਜੋ ਗੁਰੂ

---

[8] ਭਗਤ ਧੰਨਾ ਜੀ ਦੇ ਇਸ ਸ਼ਬਦ ਦਾ ਸੰਬੰਧ 'ਆਰਤੀ' ਨਾਲ ਨਹੀਂ ਹੈ। ਜਾਪਦਾ ਹੈ ਇਹ ਭੁਲੇਖਾ 'ਆਰਤਾ' (ਆਰਤ, ਦੁਖਿਆਰਾ) ਸ਼ਬਦ ਨੂੰ 'ਆਰਤੀ' ਦਾ ਪੁਲਿੰਗ ਰੂਪ ਸਮਝਣ ਤੋਂ ਪਿਆ ਹੈ।

ਗ੍ਰੰਥ ਸਾਹਿਬ ਵਿਚ ਦਰਜ ਹੈ। ਦੂਜਾ, 'ਅਮ੍ਰਿਤ ਕੀਰਤਨ' ਪੋਥੀ ਵਿਚ ਮਿਲਦਾ ਉਪਰੋਕਤ ਰੂਪ ਹੈ। ਤੀਜਾ, ਦਰਬਾਰ ਸਾਹਿਬ, ਸ੍ਰੀ ਅੰਮ੍ਰਿਤਸਰ ਵਿਖੇ ਗਾਇਆ ਜਾਣ ਵਾਲਾ ਰੂਪ ਹੈ। 'ਆਰਤੀ' ਦੇ ਮੁਢਲੇ ਸਰੂਪ ਵਿਚ ਇਹ ਬਦਲਾਅ ਕਦੋਂ ਤੇ ਕਿਵੇਂ ਹੋਇਆ, ਇਸ ਬਾਰੇ ਕੋਈ ਜਾਣਕਾਰੀ ਪ੍ਰਾਪਤ ਨਹੀਂ ਹੁੰਦੀ।

## ਇਤਿਹਾਸਕ ਪਖ

ਇਸ ਬਾਣੀ ਦੇ ਉਚਾਰਨ ਦਾ ਸੰਬੰਧ ਪੁਰੀ (ਉੜੀਸਾ/ਓਡੀਸ਼ਾ)[9] ਵਿਚਲੇ ਜਗਨ ਨਾਥ[10] ਮੰਦਰ ਨਾਲ ਜੋੜਿਆ ਜਾਂਦਾ ਹੈ। ਗੁਰੂ ਨਾਨਕ ਸਾਹਿਬ

[9] ਭਾਰਤ ਦੇ ਪੂਰਬੀ ਤਟ 'ਤੇ ਵਸੇ ਇਸ ਪ੍ਰਦੇਸ਼ ਦੇ ਵੇਰਵੇ ਪ੍ਰਾਚੀਨ ਗ੍ਰੰਥਾਂ ਵਿਚ ਵਖ-ਵਖ ਨਾਂਵਾਂ ਨਾਲ ਆਏ ਹਨ। ਇਨ੍ਹਾਂ ਵਿਚੋਂ ਔਡਰ, ਪੌਂਦਰ ਕਲਿੰਗ, ਉਤਕਲ ਆਦਿ ਨਾਂ ਮਹਾਂਭਾਰਤ ਵਿਚ ਮਿਲਦੇ ਹਨ। ਅਸ਼ੋਕ ਮੌਰੀਆ ਨੇ ਇਸ ਪ੍ਰਦੇਸ਼ ਨੂੰ ੨੬੧ ਈ. ਪੂ. ਵਿਚ ਜਿਤਿਆ ਸੀ। -ਵਿਜੇਂਦਰ ਕੁਮਾਰ ਮਾਥੁਰ, ਇਤਿਹਾਸਿਕ ਸਥਾਨਾਵਲੀ, ਹਿੰਦੀ ਗ੍ਰੰਥ ਅਕਾਦਮੀ, ਜੈਪੁਰ, ੧੯੯੦, ਪੰਨਾ ੧੪੮

[10] ਬੰਗਾਲ ਸਮੇਤ ਹਿੰਦੁਸਤਾਨ ਦੇ ਕਈ ਹੋਰਨਾਂ ਸੂਬਿਆਂ ਵਿਚ ਪੂਜੀ ਜਾਣ ਵਾਲੀ ਵਿਸ਼ਨੂੰ ਅਥਵਾ ਕ੍ਰਿਸ਼ਨ ਜੀ ਦੀ ਇਕ ਖਾਸ ਮੂਰਤੀ ਦਾ ਨਾਮ ਜਗਨ ਨਾਥ ਹੈ। ਪੁਰੀ (ਓਡੀਸ਼ਾ) ਵਿਚ ਇਸ ਦੀ ਬਹੁਤ ਮਾਨਤਾ ਹੈ। ਲੋਕ ਦੇਸ-ਵਿਦੇਸ ਤੋਂ ਇਥੇ ਜੂਨ-ਜੁਲਾਈ (ਹਾੜ ਸੁਦੀ ੨) ਨੂੰ ਹੋਣ ਵਾਲੇ ਰਥ-ਯਾਤ੍ਰਾ ਪੁਰਬ ਸਮੇਂ ਇਕਠੇ ਹੁੰਦੇ ਹਨ। ਇਸ ਮੌਕੇ ਜਗਨ ਨਾਥ ਦੀ ਮੂਰਤੀ ਨੂੰ ੧੬ ਪਹੀਆਂ ਵਾਲੇ ੪੮ ਫੁਟ ਉਚੇ ਰਥ ਵਿਚ ਰਖਿਆ ਜਾਂਦਾ ਹੈ। ਇਸ ਰਥ ਨਾਲ ੧੪ ਪਹੀਆਂ ਵਾਲਾ ੪੪ ਫੁਟ ਉਚਾ ਬਲਰਾਮ ਦਾ ਅਤੇ ੧੨ ਪਹੀਆਂ ਵਾਲਾ ੪੩ ਫੁਟ ਉਚਾ ਭਦ੍ਰਾ ਦਾ ਰਥ ਵੀ ਹੁੰਦੇ ਹਨ। ਪੁਰਾਣੇ ਸਮਿਆਂ ਵਿਚ ਲੋਕ ਮੁਕਤੀ ਪਾਉਣ ਲਈ ਰਥ ਦੇ ਪਹੀਏ ਹੇਠ ਆ ਕੇ ਪ੍ਰਾਣ ਤਿਆਗ ਦਿੰਦੇ ਸਨ। ...ਸਕੰਦ ਪੁਰਾਣ ਵਿਚ ਜਗਨ ਨਾਥ ਬਾਬਤ ਇਕ ਅਨੋਖੀ ਕਥਾ ਹੈ ਕਿ ਜਦੋਂ ਕ੍ਰਿਸ਼ਨ ਜੀ ਨੂੰ ਸ਼ਿਕਾਰੀ 'ਜਰ' ਨੇ ਮਾਰ ਦਿਤਾ, ਤਾਂ ਉਨ੍ਹਾਂ ਦਾ ਸਰੀਰ ਇਕ ਬਿਰਛ ਥੱਲੇ ਪਿਆ-ਪਿਆ ਸੜ ਗਿਆ। ਕੁਝ ਸਮੇਂ ਪਿਛੋਂ ਕਿਸੇ ਪ੍ਰੇਮੀ ਨੇ ਅਸਥੀਆਂ ਨੂੰ ਇਕ ਸੰਦੂਕ ਵਿਚ ਪਾ ਕੇ ਰਖ ਦਿੱਤਾ। ਉੜੀਸਾ ਦੇ ਰਾਜੇ ਇੰਦ੍ਰਦਜੁਮਨ ਨੂੰ ਵਿਸ਼ਨੂੰ ਵਲੋਂ ਹੁਕਮ ਹੋਇਆ ਕਿ ਜਗਨ ਨਾਥ ਦਾ ਇਕ ਬੁਤ ਬਣਾ ਕੇ ਉਹ ਅਸਥੀਆਂ ਉਸ ਬੁਤ ਵਿਚ ਸਥਾਪਨ ਕਰੇ। ਇੰਦ੍ਰਦਜੁਮਨ ਦੀ ਪ੍ਰਾਰਥਨਾ ਮੰਨਕੇ ਦੇਵਤਿਆਂ ਦਾ ਮਿਸਤਰੀ ਵਿਸ਼ਵਕਰਮਾ ਬੁਤ ਬਣਾਉਣ ਲਗ ਪਿਆ। ਪਰ ਉਸਨੇ ਰਾਜੇ ਨਾਲ ਇਹ ਸ਼ਰਤ ਕਰ ਲਈ ਕਿ ਜੇ ਕੋਈ ਬਣਦੀ ਹੋਈ ਮੂਰਤੀ ਨੂੰ ਪੂਰਨ ਹੋਣ ਤੋਂ ਪਹਿਲਾਂ ਹੀ ਦੇਖ ਲਵੇਗਾ, ਤਾਂ ਉਹ ਕੰਮ ਉਥੇ ਦਾ ਉਥੇ ਹੀ ਛੱਡ ਦੇਵੇਗਾ। ਪੰਦਰਾਂ ਦਿਨ ਮਗਰੋਂ ਰਾਜਾ ਬੇਸਬਰਾ ਹੋ ਗਿਆ ਅਤੇ ਵਿਸ਼ਵਕਰਮਾ ਪਾਸ

ਇਥੇ ਬੰਗਾਲ ਤੋਂ ਹੁੰਦੇ ਹੋਏ ਪਹੁੰਚੇ ਸਨ। "ਉਨ੍ਹਾਂ ਨੇ ਮਯੂਰਭੰਜ ਅਤੇ ਬਲਾਸੌਰ ਜਿਲ੍ਹਿਆਂ ਵਿਚੋਂ ਲੰਘਕੇ ਮਹਾਂਨਦੀ, ਬ੍ਰਾਹਮਣੀ ਆਦਿ ਨਦੀਆਂ ਨੂੰ ਪਾਰ ਕੀਤਾ।... ਕਟਕ ਵਿਖੇ ਮਹਾਂਨਦੀ ਕੰਢੇ ਆਰਾਮ ਕੀਤਾ ਅਤੇ ਧਵਲੇਸ਼ਵਰ ਮਹਾਂਦੇਵ ਦੇ ਪੁਰਾਤਨ ਮੰਦਰ ਵਿਚ ਵੀ ਪਹੁੰਚੇ।.... ਇਸਤੋਂ ਮਗਰੋਂ ਗੁਰੂ ਸਾਹਿਬ ਭੁਵਨੇਸਵਰ ਵੱਲ ਚਲੇ ਗਏ।"[11]

---

ਜਾ ਪੁੱਜਾ। ਵਿਸ਼ਵਕਰਮਾ ਨੇ ਗੁੱਸੇ ਵਿਚ ਆ ਕੇ ਕੰਮ ਛੱਡ ਦਿੱਤਾ ਜਿਸ ਕਾਰਨ ਜਗਨ ਨਾਥ ਦਾ ਬੁਤ ਬਿਨਾ ਹੱਥਾਂ ਅਤੇ ਪੈਰਾਂ ਦੇ ਹੀ ਰਹਿ ਗਿਆ। ਬ੍ਰਹਮਾ ਨੇ ਰਾਜਾ ਇੰਦ੍ਰਦੁਮਨ ਦੀ ਬੁਤ ਨੂੰ ਪੂਰਾ ਕਰਨ ਦੀ ਪ੍ਰਾਰਥਨਾ ਸਵਿਕਾਰ ਕਰਕੇ ਬੁਤ ਨੂੰ ਅੱਖਾਂ ਅਤੇ ਆਤਮਾ ਬਖਸ਼ਕੇ ਆਪਣੇ ਹੱਥੀਂ ਥਾਪਿਆ।...ਪਰ ਇਤਿਹਾਸ ਤੋਂ ਸਿਧ ਹੁੰਦਾ ਹੈ ਕਿ ਜਗਨ ਨਾਥ ਦਾ ਮੰਦਰ ਰਾਜਾ ਅਨੰਤ ਵਰਮਾ ਨੇ ਬਣਵਾਇਆ ਸੀ, ਜੋ ਸੰਨ ੧੦੭੬ ਤੋਂ ੧੧੪੭ ਤੀਕ ਗੰਗਾ ਅਤੇ ਗੋਦਾਵਰੀ ਦੇ ਮੱਧ ਵਿਚ ਰਾਜ ਕਰਦਾ ਸੀ। -ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ, ਪੰਜਾਬ, ੨੦੦੬, ਪੰਨਾ ੫੦੦ ਤੋਂ ਅਨੁਕੂਲਿਆ।

[11] ਮਹਾਂਨਦੀ ਦੇ ਕੰਢੇ ਜਿਥੇ ਗੁਰੂ ਸਾਹਿਬ ਦੇ ਅਰਾਮ ਕੀਤਾ ਉਥੇ ਇਕ ਗੁਰਦੁਆਰਾ ਬਣਿਆ ਹੋਇਆ ਹੈ। ਇਸ ਨੂੰ ਗੁਰਦੁਆਰਾ ਗੁਰੂ ਨਾਨਕ ਦਾਤਣ ਸਾਹਿਬ ਜਾਂ ਗੁਰਦੁਆਰਾ ਕਾਲੀਬੋਡਾ ਕਿਹਾ ਜਾਂਦਾ ਹੈ। ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ 'ਸਾਹਰਾ ਦਰਖਤ' ਦੀ ਦਾਤਣ ਕਰਦਿਆਂ ਉਸਦਾ ਟੁਕੜਾ ਧਰਤੀ ਵਿਚ ਗਡ ਦਿਤਾ ਸੀ, ਜਿਹੜਾ ਸਮੇਂ ਨਾਲ ਕਾਫੀ ਵਡਾ ਦਰਖਤ ਬਣ ਗਿਆ। ਇਹ ਪੁਰਾਣਾ ਦਰਖਤ ਕੁਝ ਚਿਰ ਪਹਿਲਾਂ ਡਿਗ ਪਿਆ ਅਤੇ ਇਸ ਦੇ ਤਣੇ ਦਾ ਇਕ ਟੁਕੜਾ ਗੁਰਦੁਆਰਾ ਸਾਹਿਬ ਵਿਚ ਸੰਭਾਲਿਆ ਹੋਇਆ ਹੈ। ਪੁਰਾਣੇ ਦਰਖਤ ਦੀਆਂ ਜੜ੍ਹਾਂ ਵਿਚੋਂ ਇਕ ਹੋਰ ਦਰਖਤ ਉਗ ਪਿਆ। ਜੂਨ ੧੯੬੯ ਈ. ਵਿਚ ਜਦੋਂ ਲੇਖਕ ਇਸ ਥਾਂ ਗਿਆ ਤਾਂ ਉਸਨੇ ਦਰਖਤ ਦੇ ਨੇੜੇ ਮੂਲ ਮੰਤਰ, ਗੁਰੂ ਨਾਨਕ ਸਾਹਿਬ ਦਾ ਨਾਂ ਅਤੇ ਵਾਹਿਗੁਰੂ ਸ਼ਬਦ ਫੱਟੇ ਉਪਰ ਉਕਰੇ ਹੋਏ ਦੇਖੇ ਸਨ। ਉਸ ਲਿਖਤ ਦੇ ਨੇੜੇ ਹੀ ਸ਼ਿਵਲਿੰਗ ਤੇ ਨੰਦੀ ਬਲਦ ਦੀ ਮੂਰਤੀ ਕਟਕ ਦੇ ਸ਼ੈਵ ਮਤੀਆਂ ਦਾ ਇਸ ਥਾਂ ਉਪਰ ਹਕ ਜਤਾਉਣ ਵੱਲ ਇਸ਼ਾਰਾ ਕਰਦੀ ਸੀ। ਧਵਲੇਸ਼ਵਰ ਦੇ ਮਹਾਂਦੇਵ ਮੰਦਰ ਦਾ ਮਹੰਤ ਗੁਰੂ ਸਾਹਿਬ ਦੇ ਬਚਨਾਂ ਤੋਂ ਬਹੁਤ ਪ੍ਰਭਾਵਤ ਹੋਇਆ। ਉਸਨੇ ਉਨ੍ਹਾਂ ਦਾ ਸਿਖ ਬਨਣ ਦੀ ਇੱਛਾ ਪ੍ਰਗਟਾਈ। ਇਥੋਂ ਦੇ ਰਾਜੇ ਨੇ ਗੁਰੂ ਸਾਹਿਬ ਦੇ ਦਰਸ਼ਨ ਕਰਕੇ ਕੁਝ ਜਮੀਨ ਉਨ੍ਹਾਂ ਨੂੰ ਭੇਟ ਕੀਤੀ। ਇਸ ਵਿਚੋਂ ਕੁਝ ਜਮੀਨ ਉਥੋਂ ਦੀ ਗੁਰਦੁਆਰਾ ਪ੍ਰਬੰਧਕਾਂ ਤੇ ਕੁਝ ਉਦਾਸੀਆਂ ਦੇ ਅਧਿਕਾਰ ਹੇਠ ਹੈ। ਕਿਹਾ ਜਾਂਦਾ ਹੈ ਕਿ ਇਕ ਉਦਾਸੀ ਸਾਧੂ ਪੰਜਾਬ ਤੋਂ ਜਾ ਕੇ ਇਥੇ ਵਸ ਗਿਆ। ਉਸ ਨੇ ਸਥਾਨਕ ਲੋਕਾਂ ਨੂੰ ਵਾਹਿਗੁਰੂ ਨਾਮ ਜਪਣ ਦਾ ਉਪਦੇਸ਼ ਦਿਤਾ। ਇਸ ਕਰਕੇ ਗੁਰਦੁਆਰਾ ਸਾਹਿਬ ਦਾ ਨਾਮ ਵੀ ਵਾਹਿਗੁਰੂ ਮੱਠ ਪੈ ਗਿਆ। -ਸੁਰਿੰਦਰ ਸਿੰਘ ਕੋਹਲੀ, ਟਰੈਵਲਜ ਆਫ਼ ਗੁਰੂ ਨਾਨਕ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ, ੧੯੯੭, ਪੰਨੇ ੫੮-੫੯ ਤੋਂ ਅਨੁਵਾਦਤ।

ਗੁਰੂ ਸਾਹਿਬ ਦੇ ਸਮੇਂ ਓਡੀਸ਼ਾ ਵਿਚ ਪਰਾਤਾਪੁਰਦੇਵ[12] ਨਾਂ ਦਾ ਰਾਜਾ ਰਾਜ ਕਰਦਾ ਸੀ, ਜੋ ਵੈਸ਼ਨਵ ਮਤ ਦਾ ਅਨੁਯਾਈ ਸੀ। ਇਥੇ ਗੁਰੂ ਸਾਹਿਬ ਦਾ ਮੇਲ ਪ੍ਰਸਿਧ ਵੈਸ਼ਨਵ ਭਗਤ ਚੈਤੰਨਯ ਨਾਲ ਵੀ ਹੋਇਆ। ਪੁਰੀ ਗਜ਼ਟੀਅਰ ਅਨੁਸਾਰ ਚੈਤੰਨਯ ਜੀ ਇਥੇ ੧੫੧੦ ਈ. ਵਿਚ ਆਏ।[13] ਗੁਰੂ  ਨਾਨਕ ਸਾਹਿਬ ਦਾ ਆਗਮਨ ਵੀ ਇਥੇ ਤਕਰੀਬਨ ੭ ਜੂਨ ੧੫੧੦ ਈ. ਵਿਚ ਰਥ ਯਾਤਰਾ ਮੇਲੇ 'ਤੇ ਹੀ ਹੋਇਆ। ਇਸ ਨੂੰ ਉਨ੍ਹਾਂ ਦੀ ਪਹਿਲੀ ਉਦਾਸੀ ਵਿਚ ਸ਼ਾਮਲ ਕੀਤਾ ਜਾਂਦਾ ਹੈ। ਇਥੇ ਹੀ ਗੁਰੂ ਸਾਹਿਬ ਨੇ ਧਨਾਸਰੀ ਰਾਗ ਵਿਚਲਾ ਇਹ ਸ਼ਬਦ ਉਚਾਰਿਆ। ਗੁਰੂ ਸਾਹਿਬ ਦੇ ਉਪਦੇਸ਼ ਸਦਕਾ ਪੁਰੀ ਦੇ ਮੁਖ ਪੰਡਤ ਕਲਿਯੁਗ ਆਦਿ ਅਨੇਕ ਪਖੰਡੀ ਤੇ ਕੁਕਰਮੀ ਗੁਰਮੁਖ ਪਦਵੀ ਨੂੰ ਪ੍ਰਾਪਤ ਹੋਏ। ਇਸ ਫੇਰੀ ਦੌਰਾਨ ਗੁਰੂ ਸਾਹਿਬ ਨੇ ਜਿਥੇ ਨਿਵਾਸ ਕੀਤਾ ਉਸ ਸਥਾਨ ਨੂੰ 'ਮੰਗੂਮਟ' ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਸ ਸਥਾਨ 'ਤੇ ਗੁਰੂ

---

[12] ਮਿਹਰਬਾਨ ਨੇ ਇਸ ਦਾ ਨਾਮ ਭਰਥਰੀ ਲਿਖਿਆ ਹੈ। -ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਜਨਮਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਕਾਲਜ, ਅੰਮ੍ਰਿਤਸਰ, ੧੯੬੨, ਪੰਨਾ ੨੦੦

[13] ਐਲ. ਐਸ. ਐਸ. ਓ' ਮੈਲੇ, ਬੰਗਾਲ ਡਿਸਟ੍ਰਿਕਟ ਗਜ਼ਟੀਅਰ, ਦੀ ਬੰਗਾਲ ਸੈਕਰੈਟਰੀਏਟ ਬੁਕ ਡਿਪੂ, ਕਲਕਤਾ, ੧੯੦੮, ਪੰਨਾ ੩੧

ਸਾਹਿਬ ਦੇ ਨਾਮ ਦੀ ਇਕ ਬਾਉਲੀ ਵੀ ਹੈ। ਇਸ ਗੁਰ-ਸਥਾਨ ਦੀ ਸੇਵਾ ਉਦਾਸੀ ਸੰਪਰਦਾ[14] ਦੇ ਸਾਧੂ ਕਰਦੇ ਹਨ।[15]

ਇਸ ਪ੍ਰਚਲਤ ਪਰੰਪਰਾ ਦੇ ਮੁਕਾਬਲੇ ਮਿਹਰਬਾਨ ਵਾਲੀ ਜਨਮਸਾਖੀ ਵਿਚ ਇਸ 'ਆਰਤੀ' ਸ਼ਬਦ ਨੂੰ ਰਾਮੇਸ਼ਵਰਮ ਵਿਚ ਉਚਾਰਿਆ ਦਸਿਆ ਗਿਆ ਹੈ।[16] ਪਰ ਭਾਈ ਮਨੀ ਸਿੰਘ ਵਾਲੀ ਜਨਮਸਾਖੀ ਇਸ ਨੂੰ ਜਗਨ ਨਾਥ ਮੰਦਰ ਨਾਲ ਹੀ ਜੋੜਦੀ ਹੈ। ਡਾ. ਕਿਰਪਾਲ ਸਿੰਘ[17] ਨੇ ਵੀ ਆਰਤੀ ਵਿਚ ਆਏ 'ਮਲਆਨਲੋ' ਅਤੇ 'ਅਨਹਤਾ ਸ਼ਬਦ ਵਾਜੰਤ ਭੇਰੀ' ਨੂੰ ਉੜੀਆ ਬੋਲੀ ਦੇ ਦਰਸਾ ਕੇ ਇਸ ਸ਼ਬਦ ਦਾ ਸੰਬੰਧ ਜਗਨ ਨਾਥ ਮੰਦਰ ਨਾਲ ਹੀ ਮੰਨਿਆ ਹੈ। ਗੁਰੂ ਸਾਹਿਬ ਨੂੰ ਜਦੋਂ ਇਸ ਮੰਦਰ ਵਿਚ ਹੋ ਰਹੀ ਆਰਤੀ ਵਿਚ ਸ਼ਾਮਲ ਨਾ ਹੋਣ ਦਾ ਕਾਰਨ ਪਾਂਡੇ ਵਲੋਂ ਪੁਛਿਆ ਗਿਆ ਤਾਂ ਗੁਰੂ ਸਾਹਿਬ ਨੇ ਕਾਦਰ ਦੀ ਲਗਾਤਾਰ ਹੋ ਰਹੀ ਕੁਦਰਤੀ ਆਰਤੀ ਦਾ ਹਵਾਲਾ ਦਿੰਦਿਆਂ ਵਿਚਾਰ ਅਧੀਨ ਸ਼ਬਦ ਦਾ

---

[14] ਸਤਾਰਵੀਂ-ਅਠਾਰਵੀਂ ਸਦੀ ਵਿਚ ਗੁਰਧਾਮਾਂ ਦੀ ਸੇਵਾ-ਸੰਭਾਲ ਅਤੇ ਧਰਮ ਪ੍ਰਚਾਰ ਕਰਨ ਵਾਲੀ ਇਕ ਸਿਖ ਸੰਪਰਦਾ।

[15] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੨੦੦੬, ਪੰਨਾ ੫੦੦ ਤੋਂ ਅਨੁਕੂਲਿਆ।

[16] ਕਿਰਪਾਲ ਸਿੰਘ, ਸ਼ਮਸ਼ੇਰ ਸਿੰਘ ਅਸ਼ੋਕ (ਸੰਪਾ.), ਜਨਮ ਸਾਖੀ ਸ੍ਰੀ ਗੁਰੂ ਨਾਨਕ ਦੇਵ ਜੀ, ਖਾਲਸਾ ਕਾਲਜ, ੧੯੬੨, ਅੰਮ੍ਰਿਤਸਰ, ਪੰਨਾ ੨੧੧-੨੧੨

[17] ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਜਾਬੀ ਯੂਨੀਵਰਸਿਟੀ,ਪਟਿਆਲਾ, ੨੦੦੯, ਪੰਨਾ ੭੧

ਉਚਾਰਨ ਕੀਤਾ। ਭਾਈ ਮਨੀ ਸਿੰਘ ਵਾਲੀ ਜਨਮਸਾਖੀ ਵਿਚ ਇਸ ਦਾ ਉਲੇਖ ਇਸ ਪ੍ਰਕਾਰ ਕੀਤਾ ਗਿਆ ਹੈ:

"ਤਬ ਮਰਦਾਨੇ ਨੂੰ ਬਾਹਰ ਬੈਠਾਇ ਕਰ ਬਾਬਾ ਜੀ ਜਗਨ ਨਾਥ ਕੇ ਦੁਆਰੇ ਪਰ ਜਾਇ ਬੈਠੇ। ਤਾਂ ਪਾਂਡੇ ਜਗਨ ਨਾਥ ਕੀ ਆਰਤੀ ਲਗੇ ਕਰਨ ਅਤੇ ਬਾਬਾ ਜੀ ਸਮਾਧ ਲਾਇਕੇ ਬੈਠ ਰਹੇ। ਤਬ ਸਭ ਪਾਂਡੇ ਆਰਤੀ ਕਰਕੇ ਬਾਬੇ ਪਾਸ ਆਇ ਬੈਠੇ ਅਰ ਉਨਾਂ ਕਹਿਆ, ਤੁਸੀਂ ਜਾਤ੍ਰੀ ਆਏ ਹੋ। ਅਰ ਅਸਾਂ ਮਹਾਰਾਜ ਦੀ ਆਰਤੀ ਕੀਤੀ ਹੈ ਅਰ ਤੁਸੀਂ ਕਯੋਂ ਨਹੀਂ ਕੀਤੀ। ਤਾਂ ਬਾਬੇ ਕਹਿਆ ਕਿ ਏਕ ਈਸਵਰ ਕੀ ਆਰਤੀ ਹੈ ਅਰ ਏਕ ਜੀਵ ਕੀ ਆਰਤੀ ਹੈ। ਸੋ ਹਮੇਸ਼ਾ ਹਮ ਸੁਣਤੇ ਹੈਂ ਅਰ ਦੇਖਦੇ ਹੈ ਸੋ ਅਉਰ ਹਮ ਕੈਸੀ ਆਰਤੀ ਕਰੈਂ। ਤਾਂ ਪਾਂਡਿਆ ਕਹਿਆ ਕਿ ਤੁਸੀਂ ਕੌਨ ਸੀ ਆਰਤੀ ਸੁਣੀ ਹੈ। ਤਾਂ ਬਾਬੇ ਸਬਦ ਆਖਿਆ: ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ...ਧਨਾਸਰੀ ਮਹਲਾ ੧॥ ਆਰਤੀ॥੯॥ -ਗੁਰੂ ਗ੍ਰੰਥ ਸਾਹਿਬ ੬੬੩

...ਤਾਂ ਏਹ ਬਚਨ ਸੁਣਕੇ ਪਾਂਡੇ ਚਰਨਾਂ ਪਰ ਗਿਰ ਪੜੇ। ਅਤੇ ਫਿਰ ਰਾਤ ਕੋ ਜਗਨ ਨਾਥ ਸੁਪਨੇ ਮੈਂ ਆਇਆ ਅਰ ਤਿਨੋਂ ਪਾਂਡਿਊ ਕੋ ਕਹਾ

ਕਿ ਮੈਂ ਹੀ ਨਾਨਕ ਰੂਪ ਧਾਰਿਆ ਹੈ। ਜਗਤ ਦੇ ਉਧਾਰ ਕਰਨ ਵਾਸਤੇ। ਸੋ ਤੁਸੀਂ ਪ੍ਰਿਥਮੇ ਜਿਸ ਅਸਥਾਨ ਤੇ ਬਾਬਾ ਜੀ ਬੈਠੇ ਹਨ ਤਿਸ ਜਗਾਂ ਦੀਵਾ ਅਰ ਪੂਜਾ ਕਰਨੀ। ਬਾਬਾ ਜੀ ਉਥੋਂ ਉਠ ਕੇ ਸਮੁੰਦਰ ਕੇ ਕਿਨਾਰੇ ਆ ਬੈਠੇ।"[18]

ਇਥੇ ਹੀ ਪੁਰੀ ਦੇ ਮੁਖ ਪੰਡਤ ਕਲਜੁਗ ਨਾਲ ਮੇਲ ਸਮੇਂ ਗੁਰੂ ਸਾਹਿਬ ਵਲੋਂ ਕਰਤਾਪੁਰਖ ਦੇ ਨਾਮ ਦੇ ਮੁਕਾਬਲੇ ਸੰਸਾਰਕ ਵਸਤਾਂ ਦੀ ਨਿਰਮੂਲਤਾ ਦਰਸਾਉਂਦਾ ਸ਼ਬਦ 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ'[19] ਵੀ ਉਚਾਰਨ ਕੀਤਾ ਦਸਿਆ ਜਾਂਦਾ ਹੈ।

---

[18] ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੯, ਪੰਨਾ ੩੮੦

[19] ਡਾ. ਕਿਰਪਾਲ ਸਿੰਘ, ਜਨਮ ਸਾਖੀ ਪਰੰਪਰਾ: ਇਤਿਹਾਸਕ ਦ੍ਰਿਸ਼ਟੀਕੋਣ ਤੋਂ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੯, ਪੰਨਾ ੩੮੦

## ਸੰਗੀਤਕ ਪਖ

'ਆਰਤੀ' ਸਿਰਲੇਖ ਵਾਲਾ ਇਹ ਸ਼ਬਦ ਗੁਰੂ ਨਾਨਕ ਸਾਹਿਬ ਨੇ ਧਨਾਸਰੀ ਰਾਗ ਵਿਚ ਉਚਾਰਣ ਕੀਤਾ ਹੈ। 'ਧਨਾਸਰੀ' ਭਾਰਤੀ ਸੰਗੀਤ ਪਰੰਪਰਾ ਨਾਲ ਸੰਬੰਧਤ ਉਤਰੀ ਭਾਰਤ ਦਾ ਇਕ ਮਧੁਰ ਰਾਗ ਹੈ, ਜਿਸ ਦਾ ਜਿਕਰ ਸ਼ਾਸਤਰੀ ਸੰਗੀਤ ਵਿਚ ਇਕ ਵਿਸ਼ੇਸ਼ ਰਾਗ ਵਜੋਂ ਕੀਤਾ ਜਾਂਦਾ ਹੈ। ਪ੍ਰਾਚੀਨ ਸੰਗੀਤਕ ਗ੍ਰੰਥਾਂ ਵਿਚ ਧਨਾਸਰੀ ਦੇ ਧਨਾਸੀ, ਧਨਾਯਸੀ, ਧਨਾਸ਼ਰੀ ਆਦਿ ਨਾਮ ਦਿਤੇ ਗਏ ਹਨ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ 'ਧਨਾਸਰੀ' ਪੱਛਮੀ ਪੰਜਾਬ ਦੇ ਇਕ ਭਾਗ ਦਾ ਨਾਮ ਸੀ ਤੇ ਇਥੋਂ ਦੀ ਸਥਾਨਕ ਧੁਨ ਦੇ ਅਧਾਰ 'ਤੇ ਹੀ ਇਸ ਰਾਗ ਦੀ ਸਥਾਪਨਾ ਹੋਈ।[20]

ਗੁਰੂ ਗ੍ਰੰਥ ਸਾਹਿਬ ਦੇ ੩੧ ਮੁਖ ਰਾਗਾਂ ਵਿਚੋਂ ਧਨਾਸਰੀ[21] ਰਾਗ ਨੂੰ ਤਰਤੀਬ ਅਨੁਸਾਰ ਦਸਵਾਂ ਸਥਾਨ ਪ੍ਰਾਪਤ ਹੈ। ਇਸ ਰਾਗ ਦੇ ਸਿਰਲੇਖ ਹੇਠ ਪੰਜ ਗੁਰੂ ਸਾਹਿਬਾਨ ਅਤੇ ਸੱਤ ਭਗਤਾਂ ਦੀ ਬਾਣੀ ਗੁਰੂ

---

[20] ਪਿਆਰਾ ਸਿੰਘ ਪਦਮ, ਗੁਰੂ ਗ੍ਰੰਥ ਸੰਕੇਤ ਕੋਸ਼, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੧੯੮੭, ਪੰਨਾ ੨੦੮

[21] ਗੁਰੂ ਗ੍ਰੰਥ ਸਾਹਿਬ ਵਿਚ ਤਿੰਨ ਕੁ ਥਾਈਂ 'ਧਨਾਸਰੀ' ਨੂੰ 'ਧਨਾਸਿਰੀ' ਵੀ ਲਿਖਿਆ ਮਿਲਦਾ ਹੈ, ਜਿਵੇਂ ਕਿ: ਰਾਗੁ ਧਨਾਸਿਰੀ ਮਹਲਾ ੩ ਘਰੁ ੪, ਗੁਰੂ ਗ੍ਰੰਥ ਸਾਹਿਬ ੬੬੬

ਗ੍ਰੰਥ ਸਾਹਿਬ ਦੇ ਪੰਨਾ ੬੬੦ ਤੋਂ ੬੯੫ ਤਕ ਦਰਜ ਹੈ। ਇਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਤੇ ਗੁਰੂ ਰਾਮਦਾਸ ਸਾਹਿਬ ਦੇ ੧੪-੧੪, ਗੁਰੂ ਅਮਰਦਾਸ ਸਾਹਿਬ ਦੇ ੯, ਗੁਰੂ ਅਰਜਨ ਸਾਹਿਬ ਦੇ ੬੦, ਗੁਰੂ ਤੇਗਬਹਾਦਰ ਸਾਹਿਬ ਦੇ ੪, ਭਗਤ ਕਬੀਰ ਜੀ ਤੇ ਭਗਤ ਨਾਮਦੇਵ ਜੀ ਦੇ ੫-੫, ਭਗਤ ਰਵਿਦਾਸ ਜੀ ਦੇ ੩ ਅਤੇ ਭਗਤ ਤ੍ਰਿਲੋਚਨ ਜੀ, ਭਗਤ ਪੀਪਾ ਜੀ, ਭਗਤ ਧੰਨਾ ਜੀ ਤੇ ਭਗਤ ਸੈਣ ਜੀ ਦਾ ੧-੧ ਸ਼ਬਦ ਸ਼ਾਮਲ ਹਨ।[22]

ਹਿੰਦੁਸਤਾਨੀ ਸੰਗੀਤ ਵਿਚ ਪੁੰਡਰੀਕ ਵਿਠੁਲ ਨੇ ਰਾਗ-ਰਾਗਣੀ ਵਰਗੀਕਰਨ ਅਨੁਸਾਰ ਧਨਾਸਰੀ ਨੂੰ ਸ਼ੁੱਧ ਭੈਰਵ ਰਾਗ ਦੀ ਰਾਗਣੀ ਮੰਨਿਆ ਹੈ।[23] ਭਾਈ ਕਾਨ੍ਹ ਸਿੰਘ ਨਾਭਾ ਅਨੁਸਾਰ ਧਨਾਸਰੀ ਕਾਫ਼ੀ ਥਾਟ ਦੀ ਸੰਪੂਰਨ ਰਾਗਣੀ ਹੈ।[24] ਗੁਰੂ ਗ੍ਰੰਥ ਸਾਹਿਬ ਦੀ ਇਸ ਤੁਕ ਵਿਚ ਵੀ ‘ਧਨਾਸਰੀ’ ਦਾ ਜ਼ਿਕਰ ਇਕ ਰਾਗਣੀ ਵਜੋਂ ਹੀ ਹੋਇਆ ਹੈ:

---

[22] ਭਾਈ ਜੋਗਿੰਦਰ ਸਿੰਘ ਤਲਵਾੜਾ, ਸ੍ਰੀ ਗੁਰੂ ਗ੍ਰੰਥ ਸਾਹਿਬ ਬੋਧ, ਭਾਗ ੧, ਬਾਣੀ ਬਿਉਰਾ, ਸਿੰਘ ਬ੍ਰਦਰਜ਼, ਅੰਮ੍ਰਿਤਸਰ, ੨੦੦੪, ਪੰਨਾ ੮੦

[23] ਪ੍ਰੋ. ਕਰਤਾਰ ਸਿੰਘ, ਗੁਰਮਤਿ ਸੰਗੀਤ ਦਰਪਣ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ, ੨੦੧੩, ਪੰਨਾ ੨੪੦

[24] ਭਾਈ ਕਾਨ੍ਹ ਸਿੰਘ ਨਾਭਾ, ਮਹਾਨ ਕੋਸ਼, ਭਾਸ਼ਾ ਵਿਭਾਗ ਪੰਜਾਬ, ਪਟਿਆਲਾ, ੨੦੦੬, ਪੰਨਾ ੬੬੦

ਧਨਾਸਰੀ ਧਨਵੰਤੀ ਜਾਣੀਐ ਭਾਈ ਜਾਂ ਸਤਿਗੁਰ ਕੀ ਕਾਰ ਕਮਾਇ ॥
-ਗੁਰੂ ਗ੍ਰੰਥ ਸਾਹਿਬ ੧੪੧੯

ਗੁਰੂ ਗ੍ਰੰਥ ਸਾਹਿਬ ਦੇ ਅੰਤ ਵਿਚ ਦਰਜ 'ਰਾਗਮਾਲਾ' ਵਿਚ ਵੀ ਇਸ ਦਾ ਉਲੇਖ ਰਾਗਣੀ ਵਜੋਂ ਹੀ ਕੀਤਾ ਗਿਆ ਹੈ।[25] ਇਸ ਸੰਦਰਭ ਵਿਚ ਸੰਤ ਟਹਿਲ ਸਿੰਘ ਦਾ ਇਹ ਕਥਨ ਵੀ ਧਿਆਨਜੋਗ ਹੈ ਕਿ ਜਦੋਂ ਗਾਏ ਜਾਣ ਵਾਲੇ ਸ਼ਬਦ, ਭਜਨ ਆਦਿ ਲਿਖੇ ਜਾਂਦੇ ਹਨ, ਤਾਂ ਉਨ੍ਹਾਂ ਨੂੰ 'ਰਾਗ' ਸਿਰਲੇਖ ਹੇਠ ਹੀ ਲਿਖਿਆ ਜਾਂਦਾ ਹੈ। 'ਰਾਗਮਾਲਾ' ਵਿਚ ਹੀ ਰਾਗ, ਰਾਗਣੀ ਆਦਿ ਭੇਦ ਕੀਤਾ ਜਾਂਦਾ ਹੈ।

ਪਰ ਕੁਝ ਆਧੁਨਿਕ ਕਾਲ ਦੇ ਸਿਖ ਵਿਦਵਾਨ ਇਹ ਤਰਕ ਵੀ ਦਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਦੇ ਸਿਰਲੇਖਾਂ ਵਿਚ ਕੇਵਲ 'ਰਾਗ' ਸ਼ਬਦ ਹੀ ਵਰਤਿਆ ਗਿਆ ਹੈ, ਕਿਤੇ ਵੀ 'ਰਾਗਣੀ' ਨਹੀਂ ਲਿਖਿਆ ਗਿਆ। ਇਸ ਕਰਕੇ ਗੁਰੂ ਗ੍ਰੰਥ ਸਾਹਿਬ ਵਿਚ ਕੋਈ ਰਾਗਣੀ ਨਹੀਂ ਹੈ। ਉਨ੍ਹਾਂ

[25] ਧਨਾਸਰੀ ਏ ਪਾਚਉ ਗਾਈ॥ ਮਾਲ ਰਾਗ ਕਉਸਕ ਸੰਗਿ ਲਾਈ॥ -ਗੁਰੂ ਗ੍ਰੰਥ ਸਾਹਿਬ ੧੪੩੦

ਦਾ ਮੰਨਣਾ ਹੈ ਕਿ ਗੁਰਮਤਿ ਸੰਗੀਤ ਵਿਚ ਰਾਗ-ਰਾਗਣੀ ਵਰਗੀਕਰਨ ਲਈ ਕੋਈ ਸਥਾਨ ਨਹੀਂ ਹੈ।

ਡਾ. ਗੁਰਨਾਮ ਸਿੰਘ ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿਚ "ਪ੍ਰਯੁਕਤ ਸਮੂਹ ਰਾਗ ਕਿਉਂਕਿ ਇਕ ਵਿਸ਼ਿਸ਼ਟ ਸਿਧਾਂਤਕਤਾ ਦੇ ਧਾਰਨੀ ਹਨ, ਇਸ ਲਈ ਇਹਨਾਂ ਨੂੰ ਸੰਗੀਤ ਵਿਗਿਆਨਕ ਦ੍ਰਿਸ਼ਟੀਕੋਣ ਤੋਂ ਹੀ ਅਧਿਐਨ ਦਾ ਵਿਸ਼ਾ ਬਣਾਇਆ ਜਾ ਸਕਦਾ ਹੈ। ਮੱਧਕਾਲ ਵਿਚ ਪ੍ਰਚਲਿਤ ਰਾਗ-ਰਾਗਣੀ ਵਰਗੀਕਰਣ ਦੇ ਬਹੁਪਰਤੀ ਝਮੇਲਿਆਂ ਨੂੰ ਇਕ ਦਿਸ਼ਾ ਪ੍ਰਦਾਨ ਕਰਨ ਲਈ, ਗੁਰੂ ਸਾਹਿਬ ਨੇ ਸਮੂਹ ਰਾਗਾਂ ਲਈ ਕੇਵਲ 'ਰਾਗੁ' ਸ਼ਬਦ ਦਾ ਹੀ ਪ੍ਰਯੋਗ ਕੀਤਾ ਹੈ।"[26] ਇਸਦੇ ਨਾਲ ਹੀ ਇਥੇ ਇਹ ਵੀ ਜ਼ਿਕਰਜੋਗ ਹੈ ਕਿ ਸਾਰੇ ਭਾਰਤੀ ਸੰਗੀਤਕ ਗ੍ਰੰਥਾਂ ਵਿਚ ਰਾਗ-ਰਾਗਣੀਆਂ ਨੂੰ 'ਰਾਗ' ਕਹਿਣ-ਲਿਖਣ ਦੀ ਹੀ ਪਰੰਪਰਾ ਸੀ। ਜਦੋਂ ਕਿਸੇ ਰਾਗ ਦੀ ਵਿਆਖਿਆ ਕੀਤੀ ਜਾਂਦੀ ਸੀ, ਉਦੋਂ ਹੀ ਉਸ ਨੂੰ ਰਾਗ/ਰਾਗਣੀ ਵਜੋਂ ਦਰਸਾਇਆ ਜਾਂਦਾ ਸੀ। ਭਾਈ ਅਵਤਾਰ ਸਿੰਘ[27] ਅਨੁਸਾਰ ਧਨਾਸਰੀ ਚਾਰ ਤਰ੍ਹਾਂ ਨਾਲ ਗਾਈ ਜਾਂਦੀ ਹੈ: ਕਾਫ਼ੀ ਅੰਗ,

---

[26] ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੦, ਪੰਨਾ ੮੦

[27] ਭਾਈ ਅਵਤਾਰ ਸਿੰਘ, ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ, ਭਾਗ ਪਹਿਲਾ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੧੬, ਪੰਨਾ ੩੩੧

ਮੁਲਤਾਨੀ ਅੰਗ, ਪੁਰੀਆ ਅੰਗ ਅਤੇ ਭੈਰਵੀ ਅੰਗ ਨਾਲ। ਇਨ੍ਹਾਂ ਚਾਰਾਂ ਹੀ ਧਨਾਸਰੀਆਂ ਦੀ ਆਰੋਹੀ ਤੇ ਅਵਰੋਹੀ ਵਿਚ ਕੋਈ ਫਰਕ ਨਹੀਂ; ਸਿਰਫ ਸੁਰਾਂ ਦਾ ਹੀ ਫਰਕ ਹੈ।

ਭਾਰਤੀ ਸੰਗੀਤ ਸ਼ਾਸ਼ਤਰੀਆਂ ਨੇ ਧਨਾਸਰੀ ਦੇ ਤਿੰਨ ਵਖ-ਵਖ ਸਰੂਪਾਂ ਦਾ ਜ਼ਿਕਰ ਕੀਤਾ ਹੈ। ਰਘੁਨਾਥ ਤਲੇਗਾਵਕਰ ਤੇ ਆਚਾਰੀਆ ਕ੍ਰਿਸ਼ਨ ਨਰਾਇਣ ਰਤੰਜਨਕਰ ਨੇ ਕਾਫ਼ੀ ਥਾਟ ਦਾ, ਪੰਡਿਤ ਭਾਤਖੰਡੇ ਤੇ ਪੰਡਿਤ ਰਾਮ ਕ੍ਰਿਸ਼ਨ ਵਿਆਸ ਨੇ ਕਾਫ਼ੀ ਤੇ ਭੈਰਵੀ ਥਾਟ ਦਾ ਅਤੇ ਵਿਮਲਕਾਂਤ ਰਾਏ ਚੌਧਰੀ ਨੇ ਕਾਫ਼ੀ ਤੇ ਭੈਰਵੀ ਦੇ ਨਾਲ-ਨਾਲ ਇਕ ਹੋਰ ਥਾਟ ਦਾ ਵੀ ਵਰਣਨ ਕੀਤਾ ਹੈ।[28] ਭਾਰਤੀ ਸੰਗੀਤ ਦੇ ਕੁਝ ਪੁਰਾਣੇ ਕਲਾਕਾਰ ਧਨਾਸਰੀ ਤੋਂ ਭਾਵ ਪੂਰਬੀ ਥਾਟ ਦੀ ਪੂਰੀਆ ਧਨਾਸਰੀ ਤੋਂ ਲੈਂਦੇ ਹਨ। ਪਰ ਪੰਜਾਬ ਦੀ ਸੰਗੀਤ ਪਰੰਪਰਾ ਨਾਲ ਸੰਬੰਧਤ ਕਲਾਕਾਰ ਧਨਾਸਰੀ ਨੂੰ ਕਾਫ਼ੀ ਤੇ ਭੈਰਵੀ ਥਾਟ ਦੇ ਦੋ ਵਖ-ਵਖ ਰੂਪਾਂ ਵਿਚ ਗਾਉਂਦੇ ਹਨ, ਜਿਨ੍ਹਾਂ ਵਿਚੋਂ ਕਾਫ਼ੀ ਥਾਟ ਦੀ ਧਨਾਸਰੀ ਵਧੇਰੇ ਪ੍ਰਚਾਰ ਵਿਚ ਹੈ।[29] ਪ੍ਰੋ. ਕਰਤਾਰ ਸਿੰਘ[30] ਅਨੁਸਾਰ ਵਿਦਵਾਨਾਂ

---

[28] ਪ੍ਰੋ. ਕਰਤਾਰ ਸਿੰਘ, ਗੁਰਮਤਿ ਸੰਗੀਤ ਦਰਪਣ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੧੩, ਪੰਨਾ ੨੪੧

[29] ਡਾ. ਗੁਰਨਾਮ ਸਿੰਘ, ਗੁਰਮਤਿ ਸੰਗੀਤ ਪਰਬੰਧ ਤੇ ਪਾਸਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ, ੨੦੦੦, ਪੰਨਾ ੧੦੨

[30] ਪ੍ਰੋ. ਕਰਤਾਰ ਸਿੰਘ, ਗੁਰਮਤਿ ਸੰਗੀਤ ਦਰਪਣ, ਭਾਗ ਪਹਿਲਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੨੦੧੩, ਪੰਨਾ ੨੪੧

ਨੇ ਕਾਫ਼ੀ ਥਾਟ ਤੋਂ ਬਣੇ ਰਾਗ ਧਨਾਸਰੀ ਦੇ ਨਿਮਨ ਲਿਖਤ ਸਰੂਪ ਦਾ ਹੀ ਵਧੇਰੇ ਵਰਣਨ ਕੀਤਾ ਹੈ:

*ਰਾਗ ਧਨਾਸਰੀ ਦਾ ਸਰੂਪ*

ਥਾਟ: ਕਾਫ਼ੀ

ਸਵਰ: ਗੰਧਾਰ ਤੇ ਨਿਸ਼ਾਦ ਕੋਮਲ ਹੋਰ ਸਾਰੇ ਸ਼ੁਧ

ਵਰਜਿਤ ਸਵਰ: ਆਰੋਹ ਵਿਚ ਰਿਸ਼ਭ ਤੇ ਧੈਵਤ

ਜਾਤੀ: ਔੜਵ ਸੰਪੂਰਨ

ਵਾਦੀ: ਪੰਚਮ

ਸੰਵਾਦੀ: ਸ਼ੜਜ

ਆਰੋਹ: ਸਾ ਗਾ (ਕੋਮਲ), ਮਾ ਪਾ, ਨੀ (ਕੋਮਲ) ਸਾ (ਤਾਰ ਸਪਤਕ)।

ਅਵਰੋਹ: ਸਾ (ਤਾਰ ਸਪਤਕ) ਨੀ (ਕੋਮਲ) ਧਾ ਪਾ, ਮਾ ਪਾ ਗਾ (ਕੋਮਲ), ਰੇ ਸਾ।

ਮੁਖ ਅੰਗ (ਪਕੜ): ਨੀ (ਕੋਮਲ ਮੰਦਰ ਸਪਤਕ) ਸਾ ਗਾ (ਕੋਮਲ) ਮਾ ਪਾ, ਨੀ (ਕੋਮਲ) ਧਾ ਪਾ, ਮਾ ਪਾ ਗਾ (ਕੋਮਲ), ਰੇ ਸਾ।[31]

*ਗਾਇਨ ਸਮਾਂ :* ਦਿਨ ਦਾ ਤੀਜਾ ਪਹਿਰ।

*ਸੰਪਰਕ: ਡਾ. ਜਸਵੰਤ ਸਿੰਘ
ਡਾਇਰੈਕਟਰ ਗੁਰਬਾਣੀ ਰਿਸਰਚ
ਸਿੱਖ ਰਿਸਰਚ ਇੰਸਟੀਟਿਊਟ (ਯੂ. ਐਸ. ਏ.)
ਮੋਬਾਇਲ: 7838232150
ਈ-ਮੇਲ: jaswant.singh@sikhri.org

[31] ਪ੍ਰਿੰ. ਸੁਖਵੰਤ ਸਿੰਘ, ਰਾਗ ਸਵਰੂਪ ਨਿਰਣਯ ਸ੍ਰੀ ਗੁਰੂ ਗ੍ਰੰਥ ਸਾਹਿਬ, ਜਵੱਦੀ ਟਕਸਾਲ, ਲੁਧਿਆਣਾ, ੨੦੦੭, ਪੰਨਾ ੧੩

# ਭਾਈ ਨਰਿੰਦਰ ਸਿੰਘ ਜੀ (ਬਨਾਰਸ ਵਾਲੇ)

ਗੁਰਮਤਿ ਸੰਗੀਤ ਦੇ ਪ੍ਰਚਾਰ ਤੇ ਪਾਸਾਰ ਨੂੰ ਮੁੱਖ ਰੱਖ ਕੇ ਕੀਰਤਨ ਕਰਨ ਵਾਲੇ ਭਾਈ ਨਰਿੰਦਰ ਸਿੰਘ ਬਨਾਰਸ ਵਾਲੇ ਦਰਬਾਰ ਸਾਹਿਬ ਦੇ ਪ੍ਰਸਿੱਧ ਤੇ ਪ੍ਰਮੁੱਖ ਕੀਰਤਨਕਾਰ ਹਨ। ਭਾਈ ਸਾਹਿਬ ਦੀ ਪਹਿਚਾਣ ਬਨਾਰਸ ਵਾਲਿਆਂ ਤੋਂ ਇਲਾਵਾ ਤੰਤੀ ਸਾਜ਼ਾਂ ਵਿਚ



ਕੀਰਤਨ ਕਰਨ ਵਾਲੇ ਰਾਗੀ ਵੱਜੋਂ ਵੀ ਕੀਤੀ ਜਾਂਦੀ ਹੈ। ਜਿਸ ਦਾ ਮੁੱਖ ਕਾਰਨ ਬਨਾਰਸ ਦੀ ਸੰਗਤ ਵੱਲੋਂ ਕੀਰਤਨ ਕਰਕੇ ਮਿਲਿਆ ਪ੍ਰੇਮ ਹੈ। ਭਾਈ ਸਾਹਿਬ ਨੇ ਦਰਬਾਰ ਸਾਹਿਬ ਦੇ ਹਜ਼ੂਰੀ ਰਾਗੀ ਦੇ ਤੌਰ ਤੇ ਤਕਰੀਬਨ ੨੬ ਸਾਲ ਤੱਕ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਰਤਨ ਦੀ ਸੇਵਾ ਨਿਭਾਈ। ਇਸ ਸਮੇਂ ਦੌਰਾਨ ਭਾਈ

ਸਾਹਿਬ ਨੇ ਗੁਰਮਤ ਸੰਗੀਤ ਦੀਆਂ ਵੱਖ - ਵੱਖ ਸ਼ੈਲੀਆਂ ਵਿਚ ਸ਼ਬਦ ਗਾਇਨ ਕੀਤੇ ਅਤੇ ਪੁਰਾਤਨ ਪਰੰਪਰਾ ਨੂੰ ਜੀਵਤ ਰੱਖਦੇ ਹੋਏ ਇਸ ਦਾ ਪ੍ਰਚਾਰ ਸਮੁੱਚੇ ਵਿਸ਼ਵ ਭਰ ਵਿਚ ਕੀਤਾ। ਭਾਈ ਸਾਹਿਬ ਨੇ ਦਰਬਾਰ ਸਾਹਿਬ ਕੀਰਤਨ ਕਰਨਾ ਉਸ ਸਮੇਂ ਤੋਂ ਸ਼ੁਰੂ ਕਰ ਦਿੱਤਾ ਸੀ, ਜਿਸ ਸਮੇਂ ਅਜੇ ਰੇਡੀਉ ਤੋਂ ਸਵੇਰੇ ਸ਼ਾਮ ਦਾ ਪ੍ਰਸਾਰਨ ਵੀ ਨਹੀਂ ਆਉਂਦਾ ਸੀ। ਹਜ਼ੂਰੀ ਰਾਗੀ ਦੇ ਤੌਰ @ ਤੇ ਭਾਈ ਸਾਹਿਬ ੧੯੯੩ ਈ. ਵਿਚ ਆਏ, ਪਰੰਤੂ ਇਸ ਤੋਂ ਪਹਿਲਾਂ ਭਾਈ ਸਾਹਿਬ ਦਰਬਾਰ ਸਾਹਿਬ ਵਿਚ ਨਿਸ਼ਕਾਮ ਹੀ ਕੀਰਤਨ ਦੀ ਹਾਜ਼ਰੀ ਭਰਦੇ ਰਹੇ। ਭਾਈ ਸਾਹਿਬ ਦਾ ਕੀਰਤਨ ਨਾਲ ਪ੍ਰੇਮ ਅਤੇ ਦਰਬਾਰ ਸਾਹਿਬ ਵਿਚ ਰਾਗਾਂ ਅਨੁਸਾਰ ਕੀਰਤਨ ਕਰਨ ਦਾ ਇਤਨਾ ਉਤਸ਼ਾਹ ਹੈ ਕਿ ਭਾਈ ਸਾਹਿਬ ਆਪਣੀ ੨੦੧੦ ਵਿਚ ਹੋਈ ਸੇਵਾ - ਮੁਕਤੀ ਤੋਂ ਬਾਅਦ ਵੀ ਹਰ ਮਹੀਨੇ ਕਦੇ - ਕਦੇ ਕੀਰਤਨ ਦੀ ਹਾਜ਼ਰੀ ਭਰਦੇ ਹਨ। ਭਾਈ ਨਰਿੰਦਰ ਸਿੰਘ ਜੀ ਇਕ ਅਜਿਹੇ ਸਿਖ ਪੰਥ ਦੇ ਕੀਰਤਨਕਾਰ ਹਨ, ਜਿਹਨਾਂ ਨੇ ਆਪਣੀ ਉਮਰ ਦੇ ਬੀਤੇ ਪਲਾਂ ਵਿਚ ਜਿੱਥੇ ਵੀ ਕੀਰਤਨ ਦੀ ਸੇਵਾ

ਨਿਭਾਈ, ਉੱਥੇ ਉਹਨਾਂ ਨੇ ਹਮੇਸ਼ਾਂ ਰਾਗਾਂ ਅਨੁਸਾਰ ਜਾਂ ਪੁਰਾਤਨ ਰੀਤਾਂ ਅਨੁਸਾਰ ਹੀ ਕੀਰਤਨ ਕਰਨ ਨੂੰ ਪਹਿਲ ਦਿੱਤੀ ਹੈ। ਭਾਈ ਸਾਹਿਬ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੁਆਰਾ ਪਾਇਆ ਯੋਗਦਾਨ ਨਵੀਂ ਪੀੜੀ ਦੇ ਕੀਰਤਨਕਾਰਾਂ ਅਤੇ ਸੰਗੀਤ ਪ੍ਰੇਮੀਆਂ ਲਈ ਇਕ ਪ੍ਰੇਰਨਾ ਸਰੋਤ ਹੈ, ਜਿਸ ਤੋਂ ਕੋਈ ਵੀ ਲਾਭ ਉਠਾ ਸਕਦਾ ਹੈ। ਅਰੰਭਿਕ ਜੀਵਨ ਭਾਈ ਨਰਿੰਦਰ ਸਿੰਘ ਦਾ ਜਨਮ ੧੨ ਜੂਨ ੧੯੪੯ ਈ. ਨੂੰ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਧਮਾਈ ਵਿਖੇ ਹੋਇਆ। ਭਾਈ ਸਾਹਿਬ ਦੇ ਪਿਤਾ ਦਾ ਨਾਮ ਗਿਆਨੀ ਪੂਰਨ ਸਿੰਘ ਜੀ ਅਤੇ ਮਾਤਾ ਦਾ ਨਾਮ ਬੀਬੀ ਪੂਰਨ ਕੌਰ ਜੀ ਸੀ। ਭਾਈ ਸਾਹਿਬ ਦੇ ਪਿੰਡ ਨੂੰ ਬੱਗਾਪੁਰ - ਧਮਾਈ ਕਰਕੇ ਵੀ ਜਾਣਿਆ ਜਾਂਦਾ ਹੈ। ਭਾਈ ਨਰਿੰਦਰ ਸਿੰਘ ਦਾ ਇਕ ਪਰੰਪਰਿਕ ਕੀਰਤਨਕਾਰ ਦੇ ਰੂਪ ਵਿਚ ਹੋਣਾ, ਉਹਨਾਂ ਦੇ ਪਰਿਵਾਰਿਕ ਪਿਛੋਕੜ ਅਤੇ ਭਾਈ ਸਾਹਿਬ ਦੇ ਮਾਤਾ - ਪਿਤਾ ਦੇ ਸੰਸਕਾਰਾਂ ਉਪਰ ਨਿਰਧਾਰਿਤ ਕਰਦਾ ਹੈ। ਭਾਈ ਸਾਹਿਬ ਦੇ ਬਜ਼ੁਰਗਾਂ ਨਾਨਕਿਆਂ ਅਤੇ ਦਾਦਕਿਆਂ ਵਿਚ ਕੀਰਤਨ ਦੀ ਪਰੰਪਰਾ

ਪੁਰਾਤਨ ਸਮੇਂ ਤੋਂ ਚਲਦੀ ਆ ਰਹੀ ਸੀ ਅਤੇ ਭਾਈ ਸਾਹਿਬ ਅਨੁਸਾਰ ਵੱਡ - ਵਡੇਰਿਆਂ ਨੂੰ ਗੁਰੂ ਸਾਹਿਬ ਦੀ ਬਖਸ਼ਿਸ਼ ਹੋਈ ਸੀ ਕਿ ਭਾਈ ਸਾਹਿਬ ਦੇ ਪਰਿਵਾਰ ਵਿਚ ਕੀਰਤਨ ਕਈ ਪੀੜ੍ਹੀਆਂ ਤੱਕ ਚਲਦਾ ਰਹੇਗਾ। "ਗੁਰੂ ਗੋਬਿੰਦ ਸਿੰਘ ਮਹਾਰਾਜ ਨੇ ਜਿਵੇਂ ਸਾਡੇ ਬਜ਼ੁਰਗਾਂ ਨੂੰ ਅਸ਼ੀਰਵਾਦ ਦੇਣਾ ਸੀ, ਇਸ ਕਰਕੇ ਹੀ ਉਹਨਾਂ ਤੋਂ ਕੀਰਤਨ ਸੁਣਕੇ ਬੜੇ ਖੁਸ਼ ਹੋਏ ਅਤੇ ਇਹ ਬਖਸ਼ਿਸ਼ ਕੀਤੀ ਕਿ ਕੀਰਤਨ ਤੁਹਾਡੀ ਪੀੜ੍ਹੀ ਵਿਚ ਰਹੇਗਾ ਅਤੇ ਕੀਰਤਨ ਬਖਸ਼ਿਸ਼ ਰੂਪ ਵਿਚ ਸਾਡੀ ਪੀੜ੍ਹੀ ਵਿਚ ਚਲ ਰਿਹਾ ਹੈ। ਭਾਈ ਸਾਹਿਬ ਦਾ ਪਰਿਵਾਰ ਰਾਮਗੜ੍ਹੀਆਂ ਵਿਚੋਂ ਹੈ ਅਤੇ ਇਹਨਾਂ ਦੇ ਬਜ਼ੁਰਗ ਪਹਿਲਾਂ ਕੀਰਤਨ ਵੀ ਕਰਦੇ ਰਹੇ ਪਰ ਨਾਲ ਦੇ ਨਾਲ ਉਹ ਸਾਜ਼ਾਂ ਨੂੰ ਤਿਆਰ ਕਰਨ ਦਾ ਕਿੱਤਾ ਵੀ ਕਰਦੇ ਰਹੇ। ਜਿਸ ਵਿਚ ਰਬਾਬ, ਤਾਊਸ, ਸਾਰੰਦਾ, ਅਤੇ ਸਿਤਾਰ ਸਾਜ਼ਾਂ ਨੂੰ ਤਿਆਰ ਕਰਦੇ ਸਨ। ਬਜ਼ੁਰਗਾਂ ਦਾ ਪਹਿਲਾਂ ਇਲਾਕਾ ਲਾਹੌਰ ਰਿਹਾ ਅਤੇ ਬਾਅਦ ਵਿਚ ਹਿਮਾਚਲ ਅਤੇ ਹੁਸ਼ਿਆਰਪੁਰ ਵੱਲ ਕਾਫੀ ਰਹੇ। ਭਾਈ ਸਾਹਿਬ ਦੇ ਪਿਤਾ ਗਿਆਨੀ ਪੂਰਨ ਸਿੰਘ ਇਕ ਵਿਦਵਾਨ ਅਤੇ

ਸੰਗੀਤ ਦੀ ਕਲਾ ਪੱਖੋਂ ਸੂਝ ਰੱਖਣ ਵਾਲੇ ਸੁਰੀਲੇ ਕੀਰਤਨਕਾਰ ਢਾਡੀ ਅਤੇ ਟਕਸਾਲੀ ਪਾਠੀ ਵੀ ਰਹੇ। ਜਿਸ ਕਾਰਨ ਉਹਨਾਂ ਦਾ ਪ੍ਰਭਾਵ ਭਾਈ ਸਾਹਿਬ ਦੇ ਜੀਵਨ ਤੇ ਬਹੁਤ ਪਿਆ।

"ਮੇਰੇ ਪਿਤਾ ਜੀ ਟਕਸਾਲੀ ਪਾਠੀ ਵੀ ਸਨ ਤੇ ਕੀਰਤਨ ਵੀ ਬਹੁਤ ਵਧੀਆ ਕਰਦੇ ਸਨ, ਚੰਗੇ ਪਖਾਵਜੀ ਵੀ ਸਨ। ਚੰਗੇ - ਚੰਗੇ ਜਿਹੜੇ ਉਸ ਵੇਲੇ ਦੇ ਨਾਮਵਰ ਰਾਗੀ ਸਨ, ਕਿਉਂਕਿ ਮੈਨੂੰ ਯਾਦ ਹੈ ਉਸ ਵੇਲੇ ਮੈਂ ਛੋਟਾ ਜਿਹਾ ਹੁੰਦਾ ਸੀ ਅਤੇ ਸਾਡੇ ਮਿਹਨਪੁਰ ਦੇ ਇਕ ਸ਼ਕਤੀ ਰਾਮ ਜੀ ਸਨ ਅਤੇ ਉਹਨਾਂ ਦਾ ਲੜਕਾ ਕਿਸ਼ਨ ਸਿੰਘ ਢਾਡੀ ਹੁੰਦਾ ਸੀ। ਉਹ ਦਿਲਬਰ ਸਾਹਿਬ ਨਾਲ ਵੀ ਰਿਹਾ ਤੋਂ ਉਸ ਨੂੰ ਸੰਗੀਤ ਦਾ ਵੀ ਸ਼ੌਕ ਸੀ ਤੇ ਉਸ ਨੇ ਆ ਕੇ ਪਿਤਾ ਜੀ ਕੋਲੋਂ ਸਿਖਣਾ ਅਤੇ ਜਦੋਂ ਆਪਣੇ ਪਿਤਾ ਜੀ ਕੋਲੋਂ ਸਿੱਖੀਆਂ ਚੀਜ਼ਾਂ ਨਹੀਂ ਸੀ ਸਮਝ ਆਉਂਦੀਆਂ ਹੁੰਦੀਆਂ ਜਾਂ ਤਾਲ ਵਿਚ ਕਈ ਵਾਰ ਪੂਰੀਆਂ ਨਾ ਆਉਣੀਆਂ ਤਾਂ ਉਹ ਮੇਰੇ ਪਿਤਾ ਜੀ ਕੋਲ ਆ ਕੇ ਸਮਝਦੇ ਹੁੰਦੇ ਸਨ। ਭਾਈ ਨਰਿੰਦਰ ਸਿੰਘ ਜੀ ਦਾ ਛੋਟੀ ਉਮਰ ਤੋਂ ਹੀ ਬਾਣੀ ਨਾਲ ਬਹੁਤ ਪ੍ਰੇਮ ਸੀ ਅਤੇ ਉਹਨਾਂ ਦਾ ਬਚਪਨ

ਕੇਵਲ ਖੇਡਾਂ ਤੱਕ ਹੀ ਸੀਮਿਤ ਨਹੀਂ ਸੀ, ਬਲਕਿ ਬਾਲ ਉਮਰੇ ਹੀ ਭਾਈ ਸਾਹਿਬ ਦੇ ਪਿਤਾ ਨੇ ਉਹਨਾਂ ਨੂੰ ਬਹੁਤ ਸਾਰੀਆਂ ਬਾਣੀਆਂ ਅਤੇ ਸ਼ਬਦ ਕੰਠ ਕਰਵਾ ਦਿੱਤੇ ਸਨ। "ਜਦੋਂ ਮੈਂ ਪਿਤਾ ਜੀ ਕੋਲ ਸੌਦਾ ਹੁੰਦਾ ਸੀ। ਤਾਂ ਪਿਤਾ ਜੀ ਨੇ ਜਦੋਂ ਉਠਣਾ ਤਾਂ ਉਹਨਾਂ ਨੇ ਸਵੇਰੇ ਉਠ ਕੇ ਪਹਿਲਾਂ ਬਾਣੀਆਂ ਪੜਾਉਣੀਆਂ, ਜਪੁ ਜੀ ਸਾਹਿਬ, ਜਾਪੁ ਸਾਹਿਬ, ਸਵੱਯੇ, ਚੌਪਈ ਸਾਹਿਬ ਅਤੇ ਅਨੰਦ ਸਾਹਿਬ। ਕਿਉਂਕਿ ਜਦੋਂ ਮੇਰੀ ਉਮਰ ੪ ਕੁ ਸਾਲ ਦੀ ਸੀ ਤਾਂ ਉਸ ਸਮੇਂ ਮੈਂ ਗੁਰਦੁਆਰਾ ਸਾਹਿਬ ਜਾ ਕੇ ਬਾਣੀਆਂ ਪੜ੍ਹਦਾ ਹੁੰਦਾ ਸੀ ਤਾਂ ਗੁਰੂ ਸਾਹਿਬ ਦੀ ਕਿਰਪਾ ਨਾਲ ਮੇਰੇ ਪਿਤਾ ਜੀ ਨੇ ਮੈਨੂੰ ਉਸ ਸਮੇਂ ਨਿਤਨੇਮ ਦੀਆਂ ਜੋ ਸਾਰੀਆਂ ਬਾਣੀਆਂ ਸਨ, ਉਹ ਪੂਰੀ ਤਰ੍ਹਾਂ ਕੰਠ ਕਰਾ ਦਿੱਤੀਆਂ ਸਨ। ਭਾਈ ਨਰਿੰਦਰ ਸਿੰਘ ਜੀ ਦੇ ਪਰਿਵਾਰ ਵਿਚ ਇਕ ਭੈਣ ਅਤੇ ਇਕ ਭਰਾ ਸੀ। ਭਾਈ ਸਾਹਿਬ ਦਾ ਅਨੰਦ ਕਾਰਜ ਬੀਬੀ ਕੁਲਦੀਪ ਕੌਰ ਜੀ ਨਾਲ ੧੯੯੫ ਵਿਚ ਹੋਇਆ ਇਸ ਸਮੇਂ ਭਾਈ ਸਾਹਿਬ ਦੇ ਚਾਰ ਬੱਚੇ ਹਨ। ਜਿਹਨਾਂ ਵਿਚ ਸਾਰੇ ਹੀ ਕੀਰਤਨ ਕਰ ਲੈਂਦੇ ਹਨ ਅਤੇ ਪੜ੍ਹਾਈ ਕਰ ਰਹੇ ਹਨ।

ਕੀਰਤਨ ਸਿਖਲਾਈ ਭਾਈ ਨਰਿੰਦਰ ਸਿੰਘ ਦੀ ਅਰੰਭਿਕ ਕੀਰਤਨ ਸਿਖਲਾਈ ਉਹਨਾਂ ਦੇ ਪਰਿਵਾਰ ਵਿਚੋਂ ਹੀ ਹੋਈ ਅਤੇ ਬਚਪਨ ਵਿਚ ਪਿਤਾ ਜੀ ਰਾਹੀਂ ਭਾਈ ਸਾਹਿਬ ਨੇ ਕੀਰਤਨ ਸਿੱਖ ਲਿਆ। ਭਾਈ ਸਾਹਿਬ ਨੂੰ ਪ੍ਰਾਇਮਰੀ ਜਮਾਤ ਦੌਰਾਨ ਹੀ ਬਹੁਤ ਸਾਰੇ ਸ਼ਬਦ ਆ ਚੁੱਕੇ ਸਨ। ਇਹ ਸਿਖਲਾਈ ਭਾਈ ਸਾਹਿਬ ਨੂੰ ਉਹਨਾਂ ਦੇ ਪਿਤਾ ਜੀ ਨੇ ਛੋਟੀ ਉਮਰੇ ਹੀ ਦੇਣੀ ਅਰੰਭ ਕਰ ਦਿੱਤੀ ਸੀ। "ਮੇਰੇ ਪਿਤਾ ਜੀ ਨੇ ਮੈਨੂੰ ਬਚਪਨ ਵਿਚ ਹੀ ਕਾਫੀ ਸ਼ਬਦ ਸਿਖਾ ਦਿੱਤੇ ਸੀ ਅਤੇ ਮੇਰੇ ਪਿਤਾ ਜੀ ਮੈਨੂੰ ਸਿਖਾਉਂਦੇ ਹੀ ਰਾਗਾਂ ਵਿਚ ਹੀ ਸੀ, ਨਾਲੇ ਉਸ ਸਮੇਂ ਦਾ ਕੁਝ ਝੁਕਾਉ ਵੀ ਰਾਗਾਂ ਵੱਲ ਸੀ ਵਧੇਰੇ। ਹੁਣ ਜਿੰਨਾ ਖੁੱਲ੍ਹਾ ਨਹੀਂ ਸੀ ਕੀਰਤਨ ਦਾ ਮਾਹੌਲ, ਜ਼ਿਆਦਾ ਰਾਗੀ ਰਾਗਾਂ ਨਾਲ ਹੀ ਕੀਰਤਨ ਕਰਦੇ ਸੀ। ਭਾਵੇਂ ਨਿਰਧਾਰਿਤ ਰਾਗਾਂ ਵਿਚ ਘੱਟ ਕਰਦੇ ਸੀ, ਪਰ ਕਰਦੇ ਰਾਗਾਂ ਵਿਚ ਸੀ। ਸਿਖਣ ਵਾਲੇ ਵੀ ਤਕਰੀਬਨ ਰਾਗਾਂ ਵਿਚ ਸਿੱਖਦੇ ਸੀ ਤੇ ਸਿਖਾਉਣ ਵਾਲੇ ਵੀ ਰਾਗਾਂ ਵਿਚ ਹੀ ਸਿਖਾਉਂਦੇ ਸੀ। ਇਸ ਤਰ੍ਹਾਂ ਮੈਨੂੰ ਮੇਰੇ ਮਾਤਾ - ਪਿਤਾ ਤੋਂ ਹੀ ਸੰਗੀਤ ਦੀ ਗੁੜਤੀ ਮਿਲੀ।

ਕੇਵਲ ਦਾਦਕਿਆਂ ਦੇ ਪਰਿਵਾਰ ਵਿਚ ਹੀ ਨਹੀਂ, ਸਗੋਂ ਨਾਨਕਿਆਂ ਕੋਲ ਵੀ ਸੰਗੀਤ ਅਤੇ ਕੀਰਤਨ ਦਾ ਗਿਆਨ ਸੀ, ਜਿਸ ਸਦਕਾ ਭਾਈ ਸਾਹਿਬ ਨੂੰ ਦੋਹਾਂ ਤਰਫਾਂ ਤੋਂ ਗਿਆਨ ਹਾਸਿਲ ਹੋਇਆ। ਜੇਕਰ ਘਰੋਂ ਨਾਨਕੇ ਜਾਣਾ ਤਾਂ ਉੱਥੇ ਵੀ ਸੰਗੀਤਮਈ ਮਹੌਲ ਬਣਿਆ ਰਹਿੰਦਾ ਸੀ। ਨਾਨਾ ਜੀ ਜਿਸ ਸਮੇਂ ਕੀਰਤਨ ਦਰਬਾਰਾਂ ਵਿਚ ਜਾਂ ਰਾਗ ਦਰਬਾਰਾਂ ਵਿਚ ਹਾਜ਼ਰੀ ਭਰਨ ਜਾਂਦੇ ਸਨ ਤਾਂ ਭਾਈ ਨਰਿੰਦਰ ਸਿੰਘ ਨੂੰ ਵੀ ਨਾਲ ਹੀ ਲੈ ਜਾਂਦੇ ਸਨ। ਭਾਈ ਸਾਹਿਬ ਦੇ ਨਾਨਾ ਜੀ ਇਕ ਬਹੁਤ ਵਧੀਆ ਪਖਾਵਜੀ ਵੀ ਸਨ ਅਤੇ ਭਾਈ ਸਾਹਿਬ ਦੇ ਦੱਸਣ ਅਨੁਸਾਰ ਉਹਨਾਂ ਨੂੰ ਸੰਗੀਤ ਕਲਾ ਦਾ ਗੂੜ੍ਹ ਗਿਆਨ ਸੀ , ਜਿਸ ਕਾਰਨ ਉਹਨਾਂ ਦੀ ਸੰਗਤ ਭਾਈ ਸਾਹਿਬ ਨੂੰ ਬਚਪਨ ਵਿਚ ਬਹੁਤ ਮਿਲਦੀ ਰਹੀ ਅਤੇ ਉੱਥੇ ਭਾਈ ਸਾਹਿਬ ਸ਼ਬਦ ਦੀ ਹਾਜ਼ਰੀ ਵੀ ਲਗਾਉਂਦੇ ਸਨ। " ਮੇਰੇ ਨਾਨਾ ਜੀ ਪਖਾਵਜ ਦੇ ਬਹੁਤ ਧਨੀ ਸਨ। ਪਹਿਲਾਂ ਵਿਆਹ ਦੇ ਸਮੇਂ ਬਰਾਤ ਦੋ - ਦੋ ਤਿੰਨ - ਤਿੰਨ ਦਿਨ ਰਹਿੰਦੀ ਸੀ। ਉਸ ਸਮੇਂ ਵਿਆਹ ਦੇ ਦੌਰਾਨ ਸਵੇਰੇ ਸ਼ਾਮ ਕੀਰਤਨ ਹੁੰਦਾ, ਦੁਪਹਿਰ ਸਮੇਂ ਪਾਠ ਵੀ

ਯਾਦ ਹੁੰਦਾ ਅਕੀਦੇ ਅਨੁਸਾਰ, ਬਹੁਤ ਜਪ - ਤਪ ਹੁੰਦਾ ਤਾਂ ਕਿ ਵਿਆਹ ਦਾ ਕਾਰਜ ਵੀ ਪੂਰਾ ਹੋਵੇ। ਗੁਰੂ ਸਾਹਿਬ ਦਾ ਅਸ਼ੀਰਵਾਦ ਮਿਲੇ, ਇਸ ਗੱਲ ਨੂੰ ਮੁੱਖ ਰੱਖ ਕੇ ਕਰਦੇ ਹੁੰਦੇ ਸੀ। ਉਸ ਸਮੇਂ ਜਦੋਂ ਮੈਂ ਨਾਨਾ ਜੀ ਨਾਲ ਵਿਆਹ ਤੇ ਜਾਣਾ ਤਾਂ ਸ਼ਾਮ ਨੂੰ ਕੀਰਤਨ ਹੋਣਾ ਅਤੇ ਨਾਨਾ ਜੀ ਨੇ ਪਖਾਵਜ ਤੇ ਬੈਠਣਾ ਤਾਂ ਮੈਂ ਉੱਥੇ ਸ਼ਬਦ ਪੜਨਾ।"

ਭਾਈ ਸਾਹਿਬ ਦੇ ਪਿਤਾ ਜੀ ਇਕ ਦੂਰ - ਅੰਦੇਸ਼ੀ ਵਿਅਕਤੀ ਵੀ ਸਨ , ਜਿਹਨਾਂ ਨੇ ਆਪਣੇ ਬੱਚਿਆਂ ਦੇ ਭਵਿੱਖ ਨੂੰ ਧਿਆਨ ਵਿਚ ਰੱਖਦੇ ਹੋਏ ਕੀਰਤਨ ਦੀ ਦਾਤ ਤਾਂ ਦਿੱਤੀ ਹੈ, ਪਰੰਤੂ ਨਾਲ ਦੇ ਨਾਲ ਸਕੂਲੀ ਪੜਾਈ ਲਈ ਵੀ ਪ੍ਰੇਰਦੇ ਰਹੇ। ਭਾਈ ਸਾਹਿਬ ਨੇ ਦਸਵੀਂ ਕਰਨ ਉਪਰੰਤ ਬਾਰਵੀਂ ਕਰਕੇ ਕਾਲਜ ਵਿਚ ਪੜਾਈ ਕੀਤੀ , ਪਰੰਤੂ ਭਾਈ ਸਾਹਿਬ ਨਾਲ ਨਾਲ ਆਪਣਾ ਅਭਿਆਸ ਵੀ ਕਰਦੇ ਰਹੇ। ਭਾਈ ਸਾਹਿਬ ਅਨੁਸਾਰ ਉਹਨਾਂ ਦੇ ਪਿਤਾ ਉਹਨਾਂ ਨੂੰ ਜ਼ਿੰਦਗੀ ਵਿਚ ਕਾਮਯਾਬੀ ਲਈ ਬਹੁਤ ਪ੍ਰੇਦੇ ਸਨ ਅਤੇ ਸਮੇਂ ਨੂੰ

ਭਾਂਪ ਕੇ ਚੱਲਣ ਦੀ ਪ੍ਰੇਰਨਾ ਵੀ ਦਿੰਦੇ ਰਹਿੰਦੇ ਸਨ।ਪਿਤਾ ਜੀ ਨੇ ਕਿਹਾ ਹੁਣ ਮਾਡਰਨ ਯੁਗ ਹੈ, ਮਸ਼ੀਨਰੀ ਦਾ ਜ਼ਮਾਨਾ ਹੈ ਤੇ ਤੁਸੀਂ ਨਵੀਂ ਟਕਨਾਲੋਜੀ ਵਿਚ ਜਾਉ ਤਾਂ ਕਿ ਜ਼ਿੰਦਗੀ ਵਿਚ ਤੁਸੀਂ ਕਾਮਯਾਬ ਹੋ ਜਾਉ। ਫਿਰ ਮੈਂ ਇਕ ਡਿਗਰੀ ਆਉਂਦੀ ਹੈ ਅਲਾਇਡਟਰੇਡਸ ਦੀ, ਜਿਸ ਵਿਚ ਮਸ਼ੀਨਿੰਗ ਦਾ ਕੰਮ, ਡਰਿਲਿੰਗ ਦਾ ਕੰਮ ਆਦਿ ਆਉਂਦਾ ਹੈ ਹੋਰ ਕਈ ਪ੍ਰਕਾਰ ਨੇ ਉਸ ਦੇ, ਫਿਰ ਉਹ ਮੈਂ ਕੀਤਾ ਚਾਰ ਸਾਲ ਦਾ। ਕਿਉਂਕਿ ਲੁਧਿਆਣਾ ਟੈਕਨਾਲੋਜੀ ਦਾ ਸੈਂਟਰ ਹੈ , ਇਸ ਤੋਂ ਬਾਅਦ ਮੈਂ ਲੁਧਿਆਣੇ ਆ ਗਿਆ। ਲੁਧਿਆਣੇ ਫਿਰ ਮੈਂ ਕੰਮ ਵੀ ਕਰਦਾ ਰਿਹਾ ਤੇ ਨਾਲ ਪ੍ਰੋ. ਕਰਤਾਰ ਸਿੰਘ ਜੀ ਤੋਂ ਸਿੱਖਦਾ ਵੀ ਰਿਹਾ। ਮੇਰਾ ਪਿਤਾ ਜੀ ਤੋਂ ਕੁਨੈਕਸ਼ਨ ਟੁੱਟ ਗਿਆ ਸੀ ਲੁਧਿਆਣੇ ਆ ਕੇ , ਫਿਰ ਇੱਥੋਂ ਸਿਖਦਾ ਵੀ ਰਿਹਾ। ਇਹ ਸੰਨ ੧੯੭੬-੭੭ ਦੀ ਗੱਲ ਏ ਤੇ ਉਦੋਂ ਤੋਂ ਹੁਣ ਤੱਕ ਮੈਂ ਪ੍ਰੋਫ਼ੈਸਰ ਕਰਤਾਰ ਸਿੰਘ ਜੀ ਤੋਂ ਸਿੱਖਦਾ ਹਾਂ। ਭਾਈ ਨਰਿੰਦਰ ਸਿੰਘ ਜੀ ਨੇ ਕੀਰਤਨ ਦੀ ਵਿਧੀ - ਪੂਰਕ ਸਿਖਿਆ ਪ੍ਰੋ. ਕਰਤਾਰ ਸਿੰਘ ਜੀ ਤੋਂ ਲੁਧਿਆਣੇ ਰਹਿੰਦਿਆਂ ਹਾਸਿਲ ਕੀਤੀ। ਪ੍ਰੋ.

ਸਾਹਿਬ ਤੋਂ ਭਾਈ ਸਾਹਿਬ ਨੇ ਗੁਰਮਤਿ ਸੰਗੀਤ ਦੇ ਬਹੁਤ ਸਾਰੇ ਸ਼ੁੱਧ ਅਤੇ ਮਿਸ਼ਰਤ ਰਾਗਾਂ ਦੀ ਜਾਣਕਾਰੀ ਹਾਸਿਲ ਕੀਤੀ ਅਤੇ ਤਾਨਪੂਰੇ ਨਾਲ ਕੀਰਤਨ ਕਰਨ ਦੀ ਪਿਰਤ ਵੀ ਭਾਈ ਸਾਹਿਬ ਨੂੰ ਪ੍ਰੋ . ਸਾਹਿਬ ਤੋਂ ਪਈ ਅਤੇ ਉਸ ਤੋਂ ਬਾਅਦ ਭਾਈ ਸਾਹਿਬ ਨੇ ਤਾਨ ਤੇ ਕੀਰਤਨ ਕਰਨ ਦਾ ਆਪਣਾ ਪੱਕਾ ਨੇਮ ਹੀ ਬਣਾ ਲਿਆ। ਕੀਰਤਨ ਦੇ ਕਈ ਘਰਾਣੇਦਾਰ ਰਬਾਬੀ ਅੰਗ ਸਿੱਖਣ ਦਾ ਮੌਕਾ ਭਾਈ ਸਾਹਿਬ ਨੂੰ ਪੰਥ ਪ੍ਰਸਿੱਧ ਕੀਰਤਨੀਏ ਭਾਈ ਧਰਮ ਸਿੰਘ ਜ਼ਖਮੀ ਹੋਰਾਂ ਤੋਂ ਵੀ ਮਿਲਿਆ। ਭਾਈ ਸਾਹਿਬ ਦੇ ਪਿਤਾ ਜੀ ਦੀ ਮਿੱਤਰਤਾ ਭਾਈ ਧਰਮ ਸਿੰਘ ਜੀ ਨਾਲ ਕਾਫੀ ਸੀ ਅਤੇ ਉਹ ਚਾਹੁੰਦੇ ਸਨ ਕਿ ਕਿਸੇ ਵਿਦਵਾਨ ਕੀਰਤਨਕਾਰ ਦੀ ਸੰਗਤ ਵਿਚ ਆਪਣੇ ਪੁੱਤਰ ਨੂੰ ਰੱਖਿਆ ਜਾਵੇ, ਕਿਉਂਕਿ ਪੁਰਾਣੇ ਕੀਰਤਨਕਾਰਾਂ ਵਿਚ ਇਹ ਮੰਨਿਆ ਜਾਂਦਾ ਰਿਹਾ ਹੈ ਕਿ ਭਾਵੇਂ ਕਿੰਨਾ ਵੀ ਚਿਰ ਸੰਗੀਤ ਸਿਖ ਲਿਆ ਜਾਵੇ, ਪਰ ਜਿੰਨੀ ਦੇਰ ਕਿਸੇ ਯੋਗ ਉਸਤਾਦ ਗੁਰੂ ਦੀ ਸੰਗਤ ਵਿਚ ਰਹਿਣ ਦਾ ਮੌਕਾ ਨਹੀਂ ਮਿਲਦਾ, ਉਨੀ ਦੇਰ

ਇਸ ਖੇਤਰ ਵਿਚ ਵਿਚਰਨ ਦਾ ਵਲ ਵੀ ਨਹੀਂ ਆਉਂਦਾ। ਭਾਈ ਹਰਜੋਤ ਸਿੰਘ ਜ਼ਖ਼ਮੀ ਵੀ ਇਸ ਬਾਰੇ ਆਪਣੇ ਵਿਚਾਰ ਦਿੰਦੇ ਹਨ।

ਚਾਹੀਦਾ ਹੈ ਅਤੇ ਸਿੱਖ ਕੇ ਫਿਰ ਕਿਸੇ ਚੰਗੇ ਜਥੇ ਨਾਲ ੪-੫ ਸਾਲ ਰਹੋ ਤਾਂ ਕਿ ਦੁਨੀਆਂ ਵਿਚ ਵਿਚਰਨਾ ਕਿਵੇਂ ਹੈ ? ਸਿੱਖ ਕੇ, ਜਥਾ ਬਣਾ ਕੇ ਤੁਰ ਪਉ , ਇਵੇਂ ਨਹੀਂ ਬਣਦੀ ਗੱਲ। ਕੀਰਤਨ ਦੇ ਖੇਤਰ ਦੀ ਸਮਝ ਆਉਣੀ ਵੀ ਜ਼ਰੂਰੀ ਹੈ। "ਗਿਆਨੀ ਪੂਰਨ ਸਿੰਘ ਨੂੰ ਇਸ ਗੱਲ ਦਾ ਗਿਆਨ ਸੀ ਕਿ ਜਿੰਨੇ ਵਿਦਵਾਨ ਕੀਰਤਨਕਾਰ ਦੀ ਸੰਗਤ ਵਿਚ ਉਹਨਾਂ ਦਾ ਬੇਟਾ ਰਹੇਗਾ, ਸੰਗੀਤ ਵਿਚ ਉਸਦੀ ਪਕੜ ਵਧੇਰੇ ਹੋਏਗੀ। ਭਾਈ ਸਾਹਿਬ ਅਨੁਸਾਰ ਉਹਨਾਂ ਦੇ ਪਿਤਾ ਨੇ ਨਾਮਵਰ ਰਾਗੀ ਸਮਝਦੇ ਹੋਏ ਭਾਈ ਧਰਮ ਸਿੰਘ ਹੋਰਾਂ ਨਾਲ ਗੱਲ ਕੀਤੀ ਅਤੇ ਦਿੱਲੀ ਉਹਨਾਂ ਨਾਲ ਛੱਡ ਦਿੱਤਾ। ਭਾਈ ਨਰਿੰਦਰ ਸਿੰਘ ਭਾਈ ਧਰਮ ਸਿੰਘ ਜੀ ਨਾਲ ਵੀ ਕੁਝ ਸਮਾਂ ਫਿਰ ਕੀਰਤਨ ਸਿਖਦੇ ਅਤੇ ਕਰਦੇ ਰਹੇ। ਭਾਈ ਸਾਹਿਬ ਨੇ ਅਜਿਹੇ ਵਿਦਵਾਨ ਕੀਰਤਨਕਾਰਾਂ ਦੇ ਜੀਵਨ ਦੇ

ਬਹੁਤ ਸਾਰੇ ਪੱਖ ਵੀ ਆਪਣੀ ਜੀਵਨੀ ਵਿਚ ਸਾਂਝੇ ਕੀਤੇ , ਜੋ ਕਿ ਇਕ ਕੀਰਤਨਕਾਰ ਨੂੰ ਗੁਰੂ ਦੇ ਆਸ਼ੇ ਅਨੁਕੂਲ ਕੀਰਤਨ ਵਿਚ ਪਰਪੱਕ ਬਣਾਉਣ ਲਈ ਸਹਾਇਕ ਹਨ। " ਭਾਈ ਧਰਮ ਸਿੰਘ ਹੋਰਾਂ ਦੇ ਘਰ ਵੀ ਮੈਂ ਥੋੜੀ ਦੇਰ ਰਿਹਾ ਕਿ ਇਹ ਕਿਵੇਂ ਰਹਿੰਦੇ ਨੇ, ਕਿਵੇਂ ਵਿਚਰਦੇ ਨੇ। ਉਹ ਕਹਿੰਦੇ ਹੁੰਦੇ ਸੀ ਕਿ ਨਿਤਨੇਮ ਦਾ ਨਾਗਾ ਨਹੀਂ ਪਾਉਣਾ, ਸ਼ਬਦ ਪੜ੍ਹਦੇ ਰਹਿਣਾ, ਗੁਰਬਾਣੀ ਯਾਦ ਕਰਨੀ, ਇਸ ਤਰ੍ਹਾਂ ਦੀਆਂ ਕਈ ਗੱਲਾਂ ਉਹਨਾਂ ਤੋਂ ਮੈਂ ਸਿੱਖੀਆਂ ਵੀ ਸਨ। ਭਾਈ ਸਾਹਿਬ ਨੂੰ ਇਸ ਪ੍ਰਕਾਰ ਬਹੁਤ ਸਾਰੇ ਉਸਤਾਦਾਂ ਅਤੇ ਵਿਦਵਾਨ ਕੀਰਤਨਕਾਰਾਂ ਦੀ ਸੰਗਤ ਵਿਚ ਰਹਿ ਕੇ ਕੀਰਤਨ ਸਿੱਖਣ ਦਾ ਮੌਕਾ ਮਿਲਦਾ ਰਿਹਾ। ਭਾਈ ਸਾਹਿਬ ਦੇ ਸਮੇਂ ਦੌਰਾਨ ਹੋਰ ਵੀ ਬਹੁਤ ਸਾਰੇ ਕੀਰਤਨਕਾਰ, ਜੋ ਕਿ ਰਬਾਬੀਆਂ ਅਤੇ ਰਾਗੀਆਂ ਵਿਚੋਂ ਸਨ, ਵੱਖ - ਵੱਖ ਅਸਥਾਨਾਂ ਤੇ ਕੀਰਤਨ ਦੀ ਸੇਵਾ ਨਿਭਾ ਰਹੇ ਸਨ। ਇਹਨਾਂ ਦੇ ਕੀਰਤਨ ਬਾਰੇ ਭਾਈ ਸਾਹਿਬ ਅਪਣੇ ਵਿਚਾਰ ਦਿੰਦੇ ਹਨ। "ਉਸ ਸਮੇਂ ਭਾਈ ਅਮਰੀਕ ਸਿੰਘ, ਭਾਈ ਸ਼ੇਰ ਸਿੰਘ, ਇਹਨਾਂ ਨੂੰ ਬਾਣੀ ਬੜੀ ਯਾਦ ਸੀ। ਇਕ ਜੰਮੂ

ਦੇ ਸੀ, ਮੈਨੂੰ ਉਹਨਾਂ ਦਾ ਨਾਮ ਵਿਸਰ ਗਿਆ, ਉਹ ਦਿਲਰੁਬਾ ਨਾਲ ਹੀ ਕੀਰਤਨ ਕਰਦੇ ਸੀ। ਇਕ ਭਾਈ ਮੁਨਸ਼ਾ ਸਿੰਘ ਸੀ ਮੋਗੇ ਦੇ, ਉਹ ਵੀ ਬਹੁਤ ਅੱਛਾ ਕੀਰਤਨ ਕਰਦੇ ਸੀ। ਭਾਈ ਬਹਾਦਰ ਸਿੰਘ ਸੀ, ਭਾਈ ਪਾਲ ਸਿੰਘ ਜੀ ਸੀ, ਜਿਹਨਾਂ ਨੂੰ ਭਾਈ ਜੱਸਾ ਭਾਈ ਪਾਲਾ ਕਹਿੰਦੇ ਹਨ। ਭਾਈ ਪਾਲ ਸਿੰਘ ਜੀ ਕਰਨਾਲ ਰਹਿੰਦੇ ਹੁੰਦੇ ਸੀ, ਮੈਂ ਉੱਥੇ ਕੀਰਤਨ ਵੀ ਕਰਦਾ ਰਿਹਾ ਨਾਲੇ ਉਹਨਾਂ ਨੂੰ ਸੁਣਦਾ ਵੀ ਸੀ, ਇਹ ਜਿਹੜੇ ਭਾਈ ਮੋਹਨਪਾਲ ਹਨ, ਉਹ ਇਹਨਾਂ ਦੇ ਹੀ ਲੜਕੇ ਹਨ। ਭਾਈ ਮੋਹਨਪਾਲ ਤੇ ਪਟਨੇ ਵਾਲੇ ਭਾਈ ਜੋਗਿੰਦਰ ਸਿੰਘ ਤੇ ਮਹਿੰਦਰ ਸਿੰਘ, ਜੋ ਕਿ ਬਹੁਤ ਅੱਛਾ ਕੀਰਤਨ ਕਰਦੇ ਸਨ, ਉਹ ਰਬਾਬੀ ਸਨ। ਇਹਨਾਂ ਨੂੰ ਪਟਨਾ ਸਾਹਿਬ ਵਾਲੇ ਕਹਿੰਦੇ ਸਨ ਤੇ ਰਬਾਬੀ ਢੰਗ ਨਾਲ ਕੀਰਤਨ ਕਰਦੇ ਸਨ। ਇਹਨਾਂ ਦਾ ਕੀਰਤਨ ਸੁਣਨ ਨੂੰ ਮਿਲਦਾ ਰਿਹਾ।

ਕੀਰਤਨ ਸ਼ੈਲੀ ਦਰਬਾਰ ਸਾਹਿਬ ਦੇ ਵਰਤਮਾਨ ਕੀਰਤਨਕਾਰਾਂ ਵਿਚੋਂ ਭਾਈ ਨਰਿੰਦਰ ਸਿੰਘ ਜੀ ਦੇ ਕੀਰਤਨ ਵਿਚ ਰਾਗਾਂ ਦੇ ਸ਼ੁੱਧ ਸਰੂਪ ਅਨੁਸਾਰ ਗਾਇਨ ਪ੍ਰਤੱਖ ਸੁਣਨ ਨੂੰ ਮਿਲਦਾ ਹੈ। ਭਾਈ ਸਾਹਿਬ ਕੀਰਤਨ ਦੀ ਅਰੰਭਤਾ ਮੰਗਲਾਚਰਣ ਦੇ ਰੂਪ ਵਿਚ ਕਰਕੇ ਵੱਖ - ਵੱਖ ਸਮੇਂ ਦੇ ਰਾਗਾਂ ਵਿਚ ਸ਼ਬਦਾਂ ਦਾ ਗਾਇਨ ਕਰਦੇ ਹਨ। ਕੀਰਤਨ ਦੀ ਪੂਰੀ ਚੌਕੀ ਦੌਰਾਨ ਭਾਈ ਸਾਹਿਬ ਰੀਤਾਂ ਦਾ ਬਹੁਤ ਘੱਟ ਪ੍ਰਯੋਗ ਕਰਦੇ ਹਨ ਅਤੇ ਧਰੁਪਦ, ਖਿਆਲ, ਪੜਤਾਲ ਆਦਿ ਇਹਨਾਂ ਸ਼ੈਲੀਆਂ ਵਿਚ ਜ਼ਿਆਦਾਤਰ ਕੀਰਤਨ ਕਰਦੇ ਹਨ। ਭਾਈ ਸਾਹਿਬ ਨੂੰ ਬਾਣੀ ਬਹੁਤ ਕੰਠ ਹੈ ਅਤੇ ਉਹਨਾਂ ਦੇ ਬਾਰੇ ਇਹ ਖਿਆਲ ਵੀ ਸੰਗਤਾਂ ਵਿਚ ਬਹੁਤ ਚਰਚਿਤ ਹੁੰਦਾ ਹੈ ਕਿ ਜਿਸ ਸਮੇਂ ਭਾਈ ਸਾਹਿਬ ਬਿਲਾਵਲ ਦੀ ਚੌਂਕੀ ਕਰਦੇ ਹਨ ਤਾਂ ਜੋ ਹੁਕਮਨਾਮਾ ਸਾਹਿਬ ਦਰਬਾਰ ਸਾਹਿਬ ਦਾ ਆਉਂਦਾ ਹੈ, ਉਸੇ ਸ਼ਬਦ ਨੂੰ ਰਾਗ ਅਨੁਸਾਰ ਜਾਂ ਹਿੰਦੁਸਤਾਨੀ ਰਾਗ ਵਿਚ ਮੌਕੇ ਤੇ ਹੀ ਬੰਦਿਸ਼ ਬਣਾ ਕੇ ਗਾਇਨ ਕਰ ਸਕਦੇ ਹਨ। ਭਾਈ ਸਾਹਿਬ ਗੁਰੂ ਗ੍ਰੰਥ ਸਾਹਿਬ ਦੇ ਰਾਗਾਂ ਨੂੰ ਰਚੀ ਬਾਣੀ

ਅਨੁਸਾਰ ਅਤੇ ਰਾਗ ਮੁਕਤ ਜਾਂ ਹੋਰ ਬਾਣੀਆਂ ਨੂੰ ਬਾਹਰੀ ਸ਼ਾਸਤਰੀ ਰਾਗਾਂ ਵਿਚ ਗਾਇਨ ਕਰਨ ਦੇ ਹੱਕ ਵਿਚ ਹਨ। "ਜਿਹੜੇ ਸ਼ਬਦ ਨਿਰਧਾਰਿਤ ਰਾਗਾਂ ਵਿਚ ਹਨ, ਉਹਨਾਂ ਨੂੰ ਨਿਰਧਾਰਿਤ ਰਾਗਾਂ ਵਿਚ ਪੜ੍ਹ ਲਈਏ ਤੇ ਜੋ ਸ਼ਾਸਤਰੀ ਸੰਗੀਤ ਦੇ ਰਾਗ ਨੇ, ਉਹਨਾਂ ਵਿਚ ਵਾਰਾਂ ਦੇ ਵਧੀਕ ਸਲੋਕ , ਦਸਮ ਪਾਤਸ਼ਾਹ ਦੀ ਬਾਣੀ ਜਾਂ ਭਾਈ ਗੁਰਦਾਸ ਦੀਆਂ ਵਾਰਾਂ , ਇਸ ਤਰ੍ਹਾਂ ਅਸੀਂ ਪ੍ਰਯੋਗ ਕਰਦੇ ਹਾਂ। ਗੁਰਬਾਣੀ ਦੇ ਸ਼ਬਦ ਤੋਂ ਛੁੱਟ ਉਹਨਾਂ ਦੇ ਗਾਇਨ ਵਿਚ ਕੋਈ ਖ਼ਾਸ ਕਲਾਕਾਰੀ ਦਾ ਨਮੂਨਾ ਨਹੀਂ ਦੇਖਣ ਨੂੰ ਮਿਲਿਆ, ਪਰੰਤੂ ਰਾਗ ਦੀ ਸ਼ੁੱਧਤਾ ਤੇ ਸੰਖੇਪ ਵਿਚ ਵਿਸਥਾਰ ਭਾਈ ਸਾਹਿਬ ਆਪਣੇ ਕੀਰਤਨ ਦੌਰਾਨ ਕਰਦੇ ਹਨ। ਬਹੁਤ ਸਾਰੇ ਰਾਗ ਦਰਬਾਰਾਂ, ਕੀਰਤਨ ਦਰਬਾਰਾਂ ਅਤੇ ਸੰਗੀਤ ਸੰਮੇਲਨਾਂ ਤੇ ਸੰਗੀਤ ਉਤਸਵਾਂ ਵਿਚ ਰਾਗ ਅਧਾਰਿਤ ਕੀਰਤਨ ਕਰਨ ਲਈ ਭਾਈ ਸਾਹਿਬ ਦਾ ਜਥਾ ਪ੍ਰਮੁੱਖ ਰਿਹਾ ਹੈ ਅਤੇ ਇਹਨਾਂ ਕੀਰਤਨ ਸਮਾਗਮਾਂ ਵਿਚ ਭਾਈ ਸਾਹਿਬ ਹਮੇਸ਼ਾਂ ਤਾਨਪੁਰੇ ਨੂੰ ਹੀ ਪ੍ਰਧਾਨਤਾ ਦਿੰਦੇ ਰਹੇ ਹਨ।

ਵਿਸ਼ੇਸ਼ ਸਨਮਾਨ ਭਾਈ ਨਰਿੰਦਰ ਸਿੰਘ ਜੀ ਨੂੰ ਵੱਖ - ਵੱਖ ਸੰਸਥਾਵਾਂ, ਯੂਨੀਵਰਸਿਟੀਆਂ, ਸੁਸਾਇਟੀਆਂ ਅਤੇ ਕੀਰਤਨ ਦਰਬਾਰਾਂ ਵਿਚੋਂ ਉਹਨਾਂ ਦੇ ਪਾਏ ਯੋਗਦਾਨ ਸਦਕਾ ਵਿਸ਼ੇਸ਼ ਸਨਮਾਨ ਹਾਸਿਲ ਹੋ ਚੁੱਕਾ ਹੈ। ਜਿਸ ਵਿਚ ਜਵੱਦੀ ਟਕਸਾਲ, ਸੰਗੀਤ ਨਾਟਕ ਅਕਾਦਮੀ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, ਪੰਜਾਬੀ ਯੂਨੀਵਰਸਿਟੀ ਪਟਿਆਲਾ ਅਤੇ ਬਹੁਤ ਸਾਰੀਆਂ ਮਨਾਈਆਂ ਜਾ ਚੁੱਕੀਆਂ ਸ਼ਤਾਬਦੀਆਂ ਵੱਲੋਂ ਉਚੇਚੇ ਤੌਰ ਤੇ ਸਨਮਾਨਿਤ ਕੀਤਾ ਜਾ ਚੁੱਕਾ ਹੈ ਅਤੇ ਕਈ ਵਿਦੇਸ਼ਾਂ ਵਿਚ ਵੀ ਸੰਗਤਾਂ ਦੇ ਬੁਲਾਵੇ ਤੇ ਭਾਈ ਸਾਹਿਬ ਗਏ ਹਨ। ਜਿਸ ਵਿਚ ਆਸਟਰੇਲੀਆ, ਵੈਨਕੂਅਰ ਅਤੇ ਅਮਰੀਕਾ ਆਦਿ ਦੇਸ਼ਾਂ ਦੀਆਂ ਸੰਗਤਾਂ ਨੇ ਵੀ ਭਾਈ ਸਾਹਿਬ ਨੂੰ ਸਨਮਾਨਿਤ ਕੀਤਾ ਹੈ। ਭਾਈ ਸਾਹਿਬ ਇਹਨਾਂ ਸਨਮਾਨਾਂ ਦੀ ਪ੍ਰਾਪਤੀ ਗੁਰੂ ਰਾਮਦਾਸ ਜੀ ਦੇ ਦਰਬਾਰ ਨੂੰ ਮੰਨਦੇ ਹਨ। ਭਾਈ ਸਾਹਿਬ ਦੇ ਜੀਵਨ ਵਿਚ ਅਤੀ ਨਿਮਰਤਾ ਅਤੇ ਸੇਵਾ ਭਾਵਨਾ ਦਾ ਵੀ ਇਕ ਉਤਮ ਗੁਣ ਦੇਖਣ ਨੂੰ ਮਿਲਦਾ ਹੈ ਅਤੇ ਕਈ - ਕਈ ਵਾਰ ਭਾਈ ਸਾਹਿਬ ਕੀਰਤਨ ਦੀ

ਹਾਜ਼ਰੀ ਉਪਰੰਤ ਜੋੜਾ ਘਰ ਵਿਚ ਸੰਗਤਾਂ ਦੇ ਜੋੜਿਆਂ ਦੀ ਸੇਵਾ ਵੀ ਕਰ ਰਹੇ ਹੁੰਦੇ ਹਨ। ਅਜਿਹੀ ਨਿਮਰਤਾ ਅਤੇ ਸੇਵਾ ਦੇ ਪੁੰਨ ਨੇ ਹੀ ਭਾਈ ਸਾਹਿਬ ਨੂੰ ਰਾਗ ਵਿਦਿਆ ਅਤੇ ਕੀਰਤਨ ਦੀ ਇਕਾਗਰਤਾ ਵੱਲ ਹਮੇਸ਼ਾਂ ਕ੍ਰਿਤ ਰੱਖਿਆ ਹੈ। ਇਕ ਕੀਰਤਨਕਾਰ ਦੇ ਰੂਪ ਵਿਚ ਭਾਈ ਸਾਹਿਬ ਦਾ ਸਮੁੱਚਾ ਜੀਵਨ ਅਤੇ ਉਹਨਾਂ ਦੁਆਰਾ ਵਿਵਹਾਰਿਕ ਰੂਪ ਵਿਚ ਕੀਤਾ ਗਿਆ ਕਾਰਜ਼ ਆਉਣ ਵਾਲੀ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣੇਗਾ।


ਇਹ ਲੇਖ ਫੇਸਬੁਕ ਤੋਂ ਲਿਆ ਗਿਆ ਹੈ:

https://www.facebook.com/share/p/15f56smWKS/

# Bhai Raghbir Singh Diwana (Nairobi)

Dr. Amardev Singh

Bhai Raghbir Singh Diwana was born on 15th December 1936 in the village of Dalli-Bhogpur in Jalandhar. He was born to Mata Kishan Kaur Ji and Sardar Jagjit Singh Ji. At the age of 5, he was sent to learn basic Gurmukhi from his father's elder brother who was a Nirmala saint by the name of Sant Parmatma Singh Ji.



Sant Parmatma Singh Ji was in charge of one of the 'deras' in Amritsar under the care of Mahant Daya Singh Ji. After learning the

basics of Gurmukhi, Diwana Ji attended public school. As this was before the partition, Urdu was being taught in school and once Punjab was divided in 1947, his school shut down. At that time, there was worry that Urdu would not be used anymore and learning it would not have any value in India, so he was sent to the Gurdwara to continue learning Gurmukhi. He was started on 'Panj Granthi' and 'Das Granthi' before proceeding to do 'Paath' from Guru Granth Sahib Ji.

Bhai Raghbir Singh Ji belongs to the Ramgharia Sikh community, who are noted for their skills in carpentry and other artisan occupations. His family members were also involved in wood and metal crafts. This led him to follow in their footsteps. However, he kept in frequent company of Sant Parmatma Singh Ji. He would follow Sant Parmatma Singh Ji for Kirtan programs and would accompany Sant Ji on the 'dholki'. One day, Sant Parmatma Singh Ji mentioned to Diwana Ji that it was his wish for someone in their family to do Kirtan. This idea became embedded in Diwana Ji's mind and he then decided to learn Kirtan. In 1952,

Diwana Ji went to the village of Nangal, Hoshiarpur to learn Kirtan from the renowned maestro, Prof. Darshan Singh Komal. He spent around one year with Komal Ji and learned approximately 20 Raags from him. During this time, he would also accompany Komal Ji for various Kirtan programs to gain more experience.

After leaving Nangal, he went back home and into his family trade. As he was able to do 'Paath', he would also take part in 'Akhand Paaths' regularly and sing a couple of Shabads during the 'Paath da bhog' ceremony. He became friends with a school teacher. This gentleman would attend the Kirtan programs and then join Diwana Ji for tea and a chat after the programs. One day, he commented that Diwana Ji had a very sweet voice and did beautiful Kirtan. Then he asked, "Why don't you do Kirtan full-time?" In those days, most villagers liked to hear explanations and related 'Parsangs' about the Shabads being sung. So, Diwana Ji replied that he had not learned much Punjabi and would not be able to explain well. The teacher told him that it was not too

late for him to learn and he could further his studies by attending college. This was a life changing moment for Bhai Raghbir Singh Ji. At this point of time, he was already married with one child. However, he was really keen on the idea and he went to Jalandhar the next day to inquire about college admissions. After finding out about courses in YMS College, he returned home and informed his family of his intentions. His mother was very happy to hear this and she told him that she would support his studies. She gave him a monthly allowance of Rs. 100, which was a large sum at that time. He bought a bicycle with his first allowance and he would cycle 25 kilometers to Jalandhar for his classes. He completed the Budhimani, Vidhwani and Gyani courses in linguistics.

After completing his studies, he found it difficult to secure programs. This led him to continue working as a carpenter. One day, the same teacher who had initially motivated him to study, came to check on him. Diwana Ji told him that nobody knew about him and he was not able to get booked for programs. So, the teacher suggested that he should join a 'jatha'

first and make a name for himself before forming his own. With a clear direction now, he joined the 'jatha' of Bhai Sardara Singh Dardi, a popular 'Dhadhi' of his time. Shortly after Diwana Ji joined the 'jatha', they started performing Kirtan. Diwana Ji accompanied Bhai Sardara Singh Dardi for 5 years. During these 5 years, Diwana Ji sent his younger brother, Kirpal Singh to learn music. Kirpal Singh Ji attained a double MA in music and soon after, Diwana Ji formed a 'jatha' with his brothers. His elder brother Nirmal Singh Ji accompanied on the tabla and Kirpal Singh Ji played the tanpura. Shortly after that, they got another tabla player, so Nirmal Singh Ji started accompanying on the side harmonium. Diwana Ji wanted to experiment with something different, so he bought a mandolin and learned from his violinist cousin. Their 'jatha' became quite popular at that time and this resulted in many offers from abroad. As Diwana Ji was adept in Kirtan and 'Paath', many Gurdwaras were requesting him to fill the role of resident Granthi and Kirtani. He received offers from Afghanistan and Singapore, but he did not take

those up. Later, he received an offer from London and as his permit was approved and he was ready to leave, fate took a different turn.

One day, he was invited to perform the Anand Karaj ceremony of a young couple. The groom and his family were from Kenya. They were very impressed by him and they offered to arrange for him to work in Kenya. He told them that his permit for the United Kingdom (UK) was already approved and he was planning to move there. However, they insisted that he visit for a few months at least, before going to the UK. He agreed to this, and left for Nairobi, Kenya in 1971. Months turned to years and as fate would have it, he lived in Nairobi for 26 years. He served as a Granthi at the Ramgharia Gurdwara in Pangani. However, he also travelled to other parts of Africa such as Tanzania, Zambia etc. for Kirtan programs. He has also travelled to the United States and United Kingdom. In 1982, he returned temporarily to his village in Bhogpur to build a house for retirement and then went back to Nairobi. He moved back to India permanently

in 1997, and currently lives in his house in Bhogpur, Jalandhar.

Diwana Ji is the second out of four brothers. His eldest brother, Nirmal Singh Ji has passed away. The third sibling, Sarup Singh Ji has retired from teaching and is currently based in the United States. His youngest brother, Kirpal Singh served as a professor of music, but is also now retired and teaches music from his home.

Diwana Ji has four sons and his elder two, Narinder Singh and Rajinder Singh are living with him in Punjab. Another son, Jasbir Singh lives in London and the youngest of his sons is the world-famous Punjabi musician, Sukhbir Singh, who is now based in Dubai. Diwana Ji used to travel regularly to Africa for Kirtan programs before the covid-19 pandemic hit. Since then, he does Kirtan in nearby cities and villages. His son, Rajinder Singh Ji accompanies him on tabla. Diwana Ji has also taught Kirtan to many people over the years, including Veer Manpreet Singh from the UK. Another of his students, Satnam Singh used to

travel from Zambia to India to learn Kirtan from him.

A sad update that Diwana Ji passed away on 1st November 2024 at his native village of Bhogpur. His contributions and cherished memories will live on in the hearts of those whom he touched with his Kirtan and Katha.




**e-mail:** kirtansewamalaysia@gmail.com

# ਧੰਨ ਨਾਨਕ ਤੇਰੀ ਵਡੀ ਕਮਾਈ

ਬਬਲੀ ਐਸ ਸਿੰਘ

ਭਾਗਾਵਾਲੀ ਭੈਣ ਨਾਨਕੀ,

ਧੰਨ ਸੀ ਕੁਖ, ਮਾਤਾ  ਤ੍ਰਿਪਤਾ ਦੀ...

ਮਹਿਤਾ ਕਾਲੂ ਸੀ ਵਡਭਾਗੀਆ....

ਤਲਵੰਡੀ.. ਕਰਮਾਂ ਵਾਲੀ  ਰਾਇ ਭੋਇ ਦੀ...

ਜਿਥੇ "ਮਿਟਿਆ ਹਨੇਰਾ,ਚੰਨ ਚੜ੍ਹਿਆ" ....  ਜਦੋਂ ਨਾਨਕ ਪ੍ਰਗਟੇ ਆਏ।

ਉਥੇ ...

ਮਿਟੀ ਧੁੰਧੁ ਜਗਿ ਚਾਨਣੁ ਹੋਆ।।

ਨਾਨਕ ਆਇਆ, ਨਾਨਕ ਆਇਆ....

ਰਾਗ ਰਾਗਨੀ ਮੰਗਲੁ ਗਾਇਆ।।

ਕਲਿਜੁਗ ਦਾ ਅਵਤਾਰ ਨਾਨਕ.....

ਕਲਿਜੁਗ ਬਾਬੇ ਤਾਰਿਆ ਸਤਿਨਾਮੁ ਦਾ ਮੰਤ੍ਰ ਸੁਣਾਇਆ।।

ਵੇਖੋ ...

ਪ੍ਰਗਟ ਭਈ ਸਗਲੇ ਜੁਗ ਅੰਤਰਿ ਗੁਰ ਨਾਨਕ ਕੀ ਵਡਿਆਈ।।

ਅਜ ਹਰ ਰਸਨਾ ਪਈ ਬੋਲਦੀ.....

ਸਭ ਤੇ ਵਡਾ ਸਤਿਗੁਰੁ ਨਾਨਕ ਜਿਨ ਕਲ ਰਾਖੀ ਮੇਰੀ।

ਉਹ...

ਪੀਰ ਨਾਨਕੁ,... ਸਤਿਗੁਰ ਨਾਨਕ

... ਬਾਬਾ ਨਾਨਕ,

ਜਿਹਨੂੰ ....

ਕੋਈ ਆਖੈ ਭੂਤਨਾਂ, ਕੋ ਕਹੈ ਬੇਤਾਲਾ।।
ਕੋਈ ਆਖੈ ਆਦਮੀ ਨਾਨਕੁ ਵੇਚਾਰਾ।।
ਭਇਆ ਦੀਵਾਨਾ ਸਾਹ ਕਾ ਨਾਨਕੁ ਬਉਰਾਨਾ।।

ਕੀਤੀ ਬੰਦਗੀ ਉਸ ਅਲਾ ਦੀ, ਜਿਸ...
ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥
ਇਕ ਬਾਬਾ ਅਕਾਲ ਮੂਰਤਿ ਦੂਜਾ ਰਬਾਬੀ ਮਰਦਾਨਾ॥

ਮਰਦਾਨੇ ਨੂੰ ਹੁਕਮ ਸੁਣਾਇਆ ..

ਛੇੜ ਰਬਾਬ ਮਰਦਾਨਿਆ, ਬਾਣੀ ਆਈ ਏ।

ਛਿੜੀ ਰਬਾਬ ਮਰਦਾਨੇ ਦੀ ਤਾਂ....

ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ॥

ਪੱਥਰਾਂ ਵਿੱਚ ਜਿਹਨੇ ਪੰਜਾ ਲਗਾਇਆ।

ਬ੍ਰਹਿਮੰਡ ...ਵਿਚ ਇਕ ਸਾਜ਼ ਵਜਾਇਆ...

**ਇਕ ਓਅੰਕਾਰ** ਦੀ ਧੁਨਿ ਸੁਣਾਈ,

ਵੇਈਂ ਵਿਚੋਂ ਜਪੁਜੀ ਲੈ ਆਇਆ।

ਬਾਬਾ ਬੋਲਿਆ...

ਅੰਮ੍ਰਿਤ ਵੇਲਾ ਸਚੁ ਨਾਉ ਵਡਿਆਈ ਵੀਚਾਰੁ॥

ਨਾਨਕ ਦਾ ਪਾਤਸ਼ਾਹ ਸਚ ਹੈ...

ਨਾਨਕ ਨੇ ਫ਼ੁਰਮਾਇਆ...

ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ॥

ਸਾਨੂੰ ...

ਹੁਕਮ ਰਜਾਈ ਚਲਣਾ ਸਿਖਾਇਆ।

ਕਲਿਜੁਗ ਬਾਬੇ ਤਾਰਿਆ ਸਤਿਨਾਮੁ ਪੜ੍ਹਿ ਮੰਤ੍ਰ ਸੁਣਾਇਆ॥

ਨਾਨਕ ਆਖੈ...

ਆਪਿ ਗਵਾਇ ਸੇਵਾ ਕਰੇ ਤਾਂ ਕਿਛੁ ਪਾਏ ਮਾਨੁ॥

ਇਕ ਨਾਨਕ ਹੀ ਨੇ ਆਖਿਆ ...

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਸੋਦਰਿ ਦੀ ਰਹਿਰਾਸ ਵਿੱਚ...

ਕੁਦਰਤ ਦੀ ਰੱਜ ਕੀਰਤਿ ਗਾਈ ..

ਬਲਿਹਾਰੀ ਕੁਦਰਤ ਵਸਿਆ ਤੇਰਾ ਅੰਤੁ ਨ ਜਾਈ ਲਖਿਆ।।

ਸੰਧਿਆ.. ਉਸਤਤਿ ਕੁਦਰਤ ਦੀ ....

ਨੀਲੇ ਅੰਬਰ ਤੇ ਤਾਰਿਆਂ ਦੀ ਲੋਅ ਵਿੱਚ ਨਾਨਕ ਨੇ ਜਦ ਆਰਤੀ ਗਾਈ..

ਗਗਨ ਮਹਿ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥

ਧੂਪ ਮਲਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ।।

ਕੀ ਕੀ ਸਿਫ਼ਤ ਕਰਾਂ ਤੇਰੀ ਨਾਨਕ, ਕਿੰਝ ਕਿੰਝ ਤੈਨੂੰ ਯਾਦ ਕਰਾਂ ?

ਫੜ ਲੈ ਹਥ ਤੂੰ ਮੇਰੇ ਨਾਨਕ ,

ਅਜ ਇਹੀ ਫਰਿਆਦ ਕਰਾਂ।

ਕਰਿ ਕਿਰਪਾ,

ਸਾਸ ਸਾਸ ਤੈਨੂੰ ਸਿੱਮਰਾਂ,

ਅਕਾਲ ਮੂਰਤਿ ਨੂੰ ਨਮਸਕਾਰ ਕਰਾਂ।

ਸਤੁ ਸੰਤੋਖੁ ਦਇਆ ਧਰਮ ਸੀਗਾਰ ਬਣਾਵਾਂ,

ਆਪਣੇ ਪ੍ਰਭੂ ਦੀ ਸੁਹਾਗਣ ਕਹਾਵਾਂ,

ਨਨਕਾਣੇ ਦੀ ਚਰਣਿ ਧੂੜਿ ਆਪਣੇ ਮਸਤੱਕ ਤੇ ਲਾਂਵਾਂ......

**Contact:** +91 98783 16640

# ਰਾਗ ਹੰਸਧੁਨੀ

ਅਰਸ਼ਦੀਪ ਸਿੰਘ

ਰਾਗ ਹੰਸਧੁਨੀ ਦੱਖਣ ਦਾ ਰਾਗ ਹੈ। ਇਸ ਨੂੰ ਭਾਰਤੀ ਸੰਗੀਤ ਵਿੱਚ ਕਰਨਾਟਕ ਜਾਂ ਦੱਖਣ ਸੰਗੀਤ ਪੱਧਤੀ ਦੇ ੨੯ਵੇਂ ਠਾਟ ਸ਼ੰਕਰਾਭਰਨਮ ਤੋਂ ਲਿਆ ਗਿਆ ਹੈ। ਕੁਝ ਵਿਦਵਾਨ ਇਸ ਨੂੰ ਮੇਲਕਰਤਾ (੨੯ਵੇਂ) ਦੀ ਉਪਜ ਮੰਨਦੇ ਹਨ  ਅਤੇ ਕੁਝ ਵਿਦਵਾਨ ਇਸ ਨੂੰ ਕਲਿਆਣੀ (੬੫ਵੇਂ) ਦੀ ਉਪਜ ਮੰਨਦੇ ਹਨ। ਰਾਗ ਸ਼ੰਕਰਾ ਤੋਂ ਬਚਣ ਵਾਸਤੇ ਗੰਧਾਰ ਅਤੇ ਨਿਖਾਦ ਉੱਤੇ ਨਿਆਸ ਨਹੀਂ ਕੀਤਾ ਜਾਂਦਾ।

**ਠਾਟ** – ਬਿਲਾਵਲ

**ਵਾਦੀ** – ਸ਼ੜਜ, **ਸੰਵਾਦੀ** – ਪੰਚਮ

**ਸਮਾਂ** – ਰਾਤ ਦਾ ਦੂਜਾ ਪਹਿਰ

**ਜਾਤੀ** – ਓਡਵ

**ਆਰੋਹ** – ਸ ਰੇ ਗ ਪਾ, ਨੀ ਸਾਂ

**ਅਵਰੋਹ** – ਸਾਂ ਨੀ ਪਾ, ਗ ਰੇ, ਸ

**ਮੁੱਖ ਅੰਗ** – ਸਾਂ, ਗ ਪਾ ਗ ਰੇ, ਗ ਪਾ ਨੀ-ਪ, ਗ ਰੇ

[ਸ੍ਰੋਤ: ਰਾਗਾਂਜਲੀ – ਪ੍ਰੋ. ਗੁਰਬਖਸ਼ ਸਿੰਘ]

## ਰਾਗ ਹੰਸਧੁਨੀ, ਤਾਲ ਤਿੰਨਤਾਲ

ਮੇਰੁ ਕਰੋ ਤ੍ਰਿਣ ਤੇ ਮੁਹਿ ਜਾਹਿ ਗਰੀਬ ਨਿਵਾਜ ਨ ਦੂਸਰ ਤੋ ਸੋ ॥

ਭੂਲ ਛਿਮੋ ਹਮਰੀ ਪ੍ਰਭ ਆਪਨ ਭੂਲਨਹਾਰ ਕਹੂੰ ਕੋਊ ਮੋ ਸੋ ॥

ਸੇਵ ਕਰੀ ਤੁਮਰੀ ਤਿਨ ਕੇ ਸਭ ਹੀ ਗ੍ਰਿਹ ਦੇਖੀਅਤ ਦ੍ਰਬ ਭਰੋ ਸੋ ॥

ਯਾ ਕਲ ਮੈਂ ਸਭ ਕਾਲ ਕ੍ਰਿਪਾਨ ਕੇ ਭਾਰੀ ਭੁਜਾਨ ਕੋ ਭਾਰੀ ਭਰੋਸੋ ॥੯੨॥

**(ਸਵੈਯਾ॥ - ਪਾਤਸ਼ਾਹੀ ੧੦ - ਪੰਨਾ ੪੬)**

| ਅਸਥਾਈ | | | | | | | | | | | | ਤਿੰਨਤਾਲ | | | |
|---|---|---|---|---|---|---|---|---|---|---|---|---|---|---|---|
| ਧਾ | ਧਿੰ | ਧਿੰ | ਧਾ | ਧਾ | ਧਿੰ | ਧਿੰ | ਧਾ | ਧਾ | ਤਿੰ | ਤਿੰ | ਤਾ | ਤਾ | ਧਿੰ | ਧਿੰ | ਧਾ |
| × | | | | ੨ | | | | ੦ | | | | ੩ | | | |
| | | | | | | | | | | | ਗ | ਪ | ਨੀ | - | ਸਾਂ |
| | | | | | | | | | | | ਮੇ | - | ਰੁ | - | ਕ |
| ਨੀ | - | ਪ | - | ਗ | - | ਗ | ਪ | ਗ | ਰੇ | ਸ | ਸ | ਨੀ | ਪਾ | ਨੀ | – |
| ਰੋ | - | ਤਿ | ਨ | ਤੇ | - | ਮੁ | ਹਿ | ਜਾ | - | ਹਿ | ਗ | ਰੀ | - | ਬ | ਨਿ |
| ਰੇ | - | ਸ | - | ਸ | ਰੇ | ਗ | ਪ | ਗ | ਰੇ | ਸ | ਗ | ਪ | ਨੀ | - | ਸਾਂ |
| ਵਾ | - | ਜ | ਨ | ਦੁ | - | ਸ | ਰ | ਤੋ | - | ਸੋ | ਮੇ | - | ਰੁ | - | ਕ |
| ਨੀ | | | | | | | | | | | | | | | |
| ਰੋ.... | | | | | | | | | | | | | | | |
| ਅੰਤਰਾ | | | | | | | | | | | | | | | |
| | | | | | | | | | | | ਗ | ਪਾ | ਸਾਂ | - | ਨੀ |
| | | | | | | | | | | | ਭੂ | - | ਲ | - | ਛਿ |
| ਸਾਂ | ਸਾਂ | ਸਾਂ | ਸਾਂ | ਪ | ਨੀ | ਸਾਂ | ਗਾਂ | ਰੇਂ | - | ਸਾਂ | ਸਾਂ | ਸਾਂ | ਰੇਂ | ਗਾਂ | ਪਂ |
| ਮੋ | - | ਹ | ਮ | ਰੀ | - | ਪ੍ਰ | ਭ | ਆ | - | ਪ | ਨ | ਭੂ | - | ਲ | ਨ |
| ਗਾਂ | ਰੇਂ | ਸਾਂ | - | ਪ | - | ਨੀ | - | ਸਾਂ | - | - | - | ਨੀ | - | ਨੀ | ਸਾਂ |
| ਹਾ | - | ਰ | -ਕ | ਹੂੰ | - | ਕੋ | ਉ | ਮੋ | - | ਸੋ | ਨ | ਭੂ | - | ਲ | ਨ |
| ਨੀ | - | ਪ | - | ਗ | - | ਗ | ਪ | ਗ | ਰੇ | ਸਾ | ਗ | ਪ | ਨੀ | - | ਸਾਂ |
| ਹਾ | - | ਰ | -ਕ | ਹੂੰ | - | ਕੋ | ਉ | ਮੋ | - | ਸੋ | ਮੇ | - | ਰ | - | ਕ |
| ਨੀ | | | | | | | | | | | | | | | |
| ਰੋ.... | | | | | | | | | | | | | | | |

**ਈ-ਮੇਲ:** arshdeep.gs@icloud.com

# ਰਾਗੁ ਸਿਰੀ/ਸ੍ਰੀ

*(ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਪ੍ਰਮੁੱਖ ੩੧ ਰਾਗੁ ਅਤੇ ਕੀਰਤਨ ਬੰਦਿਸ਼ਾਂ, ਛਪਾਈ ਅਧੀਨ ਕਿਤਾਬ ਵਿੱਚੋਂ, ਲੇਖਕ: ਪ੍ਰੋ. ਹਰਭਜਨ ਸਿੰਘ ਧਾਰੀਵਾਲ)*

ਪ੍ਰੋ. ਹਰਭਜਨ ਸਿੰਘ ਧਾਰੀਵਾਲ

(ਸੀਨੀਅਰ ਰਿਸਰਚ ਫੈਲੋ, ਨਾਦ ਮਿਊਜ਼ਿਕ ਇੰਸਟਿਟਿਊਟ, ਅਮਰੀਕਾ)

ਸਿਰੀ / ਸ੍ਰੀ ਰਾਗ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰੱਮੁਖ ੩੧ ਰਾਗਾਂ ਦੀ ਤਰਤੀਬ ਵਿੱਚ ਪਹਿਲਾ ਸਥਾਨ ਪ੍ਰਾਪਤ ਹੈ। ਪਾਵਨ ਅੰਗ ੧੪ ਤੋਂ ਪਾਵਨ ਅੰਗ ੯੩ ਤਕ ਇਸ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦੇ ਪ੩, ਗੁਰੂ ਅਮਰਦਾਸ ਜੀ ਦੇ ੩੯, ਗੁਰੂ ਰਾਮਦਾਸ ਜੀ ਦੇ ੧੦ ਅਤੇ ਇੱਕ ਵਾਰ, ਗੁਰੂ ਅਰਜਨ ਦੇਵ ਜੀ ਦੇ ੩੬, ਕਬੀਰ ਜੀ ਦੇ ੨, ਤ੍ਰਿਲੋਚਨ ਜੀ ਦਾ ਇੱਕ ਅਤੇ ਰਵਿਦਾਸ ਜੀ ਦਾ ਇੱਕ ਸਬਦ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹੈ।

ਸਿਰੀ ਰਾਗ ਦੇ ਸਬੰਧ ਵਿੱਚ ਗੁਰੂ ਅਮਰਦਾਸ ਜੀ ਫੁਰਮਾਨ ਕਰਦੇ ਹਨ:

ਰਾਗਾ ਵਿਚਿ ਸ੍ਰੀਰਾਗੁ ਹੈ ਜੇ ਸਚਿ ਧਰੇ ਪਿਆਰੁ ॥

(ਪੰਨਾਂ:੮੩ , ਸਿਰੀ ਰਾਗ ਮਹਲਾ ੩)

ਭਾਈ ਗੁਰਦਾਸ ਜੀ ਸਿਰੀ ਰਾਗੁ ਦੀ ਉੱਤਮਤਾ ਬਾਰੇ ਫੁਰਮਾਨ ਕਰਦੇ ਹਨ:

ਰਾਗਨ ਮੈ ਸਿਰੀਰਾਗੁ ਪਾਰਸ ਪਖਾਨ ਹੈ ।
(ਕਬਿਤ ਸਵਯੈ, ੩੭੬, ਭਾਈ ਗੁਰਦਾਸ)

ਭਾਰਤੀ ਸੰਗੀਤ ਦੇ ੬ ਪ੍ਰਮੁੱਖ ਪੁਰਸ਼ ਰਾਗ ਮੰਨੇ ਗਏ ਹਨ ਅਤੇ ੩੬ ਰਾਗਨੀਆਂ ਦਾ ਵਰਨਣ ਮਿਲਦ ਹੈ। ਇੱਹ ੬ ਪੁਰਸ਼ ਰਾਗੁ – ਭੈਰਵ, ਮਾਲਕੌਂਸ, ਹਿੰਡੋਲ, ਸ੍ਰੀ, ਦੀਪਕ ਅਤੇ ਮੇਘ ਹਨ।

"ਗੁਰਮਤਿ ਸੰਗੀਤ ਪਰ ਹੁਣ ਤਕ ਮਿਲੀ ਖੋਜ" ਦੇ ਚੌਥੇ ਭਾਗ ਵਿੱਚ ਡਾ. ਚਰਨ ਸਿੰਘ ਸਿਰੀ ਰਾਗੁ ਬਾਰੇ ਲਿਖਦੇ ਹਨ ਕਿ, "ਇਹ ਰਾਗ ਤਨਿਕ ਗਉਰੀ ਤੇ ਵਡਹੰਸ ਮਿਲਕੇ ਸਿਰੀ ਰਾਗ ਹੁੰਦਾ ਹੈ ਅਤੇ ਕਈ ਮਤਿ ਵਾਲੇ ਸ਼ੰਕਰਾ ਵਰਨ ਮਾਲਸਿਰੀ ਮਿਲ ਕੇ ਬਣਿਆ ਮੰਦੇ ਹਨ। ਪ੍ਰੰਤੂ ਗੁਰਮਤਿ ਸੰਗੀਤ ਵਿੱਚ ਖਾਲਸ (ਸ਼ੁਧ) ਹੈ ਇਸੇ ਲਈ ਇਹ ਵਡਿਆਈ ਇਸ ਨੂੰ ਮਿਲੀ  ਹੈ ਕਿ ਹੋਰਨਾ ਰਾਗਾ ਵਿੱਚੋਂ ਸ਼ੁਧ ਸ੍ਰੀ ਰਾਗੁ ਹੈ। ਜਿਹੜਾ ਕੋਈ ਪ੍ਰੇਮ ਨਾਲ ਕਰੇ, ਉਹ ਸ਼ਾਂਤ ਨਿਰਵੇਦ ਈਸ਼ਵਰ ਭਗਤੀ, ਯਸ ਆਦਿਕ ਗਾਵੈ ਜੈਸਾ ਕਿ ਸਾਰੇ ਰਾਗ ਵਿੱਚ ਵਿਦਮਾਨ ਹੈ। ਇਹ ਹੇਮੰਤ ਰਿਤੁ ਵਿੱਚ ਗਾਉਂਦੇ ਹਨ। ਇਸ ਦੀ ਆਲਾਪਕਾਰੀ ਤੋਂ ਆਨੰਦ, ਖੁਸ਼ੀ ਪ੍ਰਗਟ ਅਤੇ ਪ੍ਰਾਪਤ ਹੁੰਦੀ ਹੈ। ਸਿਰੀ ਰਾਗੁ ਨੂੰ ਜੇਠ ਹਾੜ ਅਤੇ ਮਾਘ ਫੱਗਣ ਦੇ ਮਹੀਨੇ ਵਿੱਚ ਤਪਸਵੀ ਲੋਕ ਬਨਾਂ ਵਿੱਚ ਗਾਉਂਦੇ ਹਨ।"

ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ ਦੇ ਪਹਿਲੇ ਭਾਗ ਵਿੱਚ ਸਿਰੀ ਰਾਗੁ ਬਾਰੇ ਭਾਈ ਅਵਤਾਰ ਸਿੰਘ ਭਾਈ ਗੁਰਚਰਨ ਸਿੰਘ ਲਿਖਦੇ ਹਨ ਕਿ, "ਪੁਰਾਣੇ ਸਮੇਂ ਵਿੱਚ, ਅੱਜ ਤੋਂ ਕਈ ਸੋ ਸਾਲ ਪਹਿਲਾਂ ਸ੍ਰੀ ਰਾਗ ਕਾਫੀ ਅੰਗ ਵਿੱਚ ਗਾਇਆ ਜਾਂਦਾ ਸੀ। ਹੁਣ ਪੂਰਵੀ ਅੰਗ ਵਿੱਚ ਗਾਉਣ ਦਾ ਰਿਵਾਜ਼ ਹੈ। ਦੱਖਣੀ ਵਿਦਵਾਨ ਹੁਣ ਵੀ ਸ੍ਰੀ ਰਾਗ ਕਾਫੀ ਅੰਗ ਦਾ ਹੀ ਮੰਨਦੇ ਹਨ। ਦੋਹਾਂ ਹੀ ਅੰਗਾਂ ਵਿੱਚ ਆਰੋਹੀ ਅਵਰੋਹੀ ਦਾ ਕੋਈ ਫਰਕ ਨਹੀ, ਕੇਵਲ ਠਾਠਾਂ ਦਾ ਹੀ ਫਰਕ  ਹੈ। ਜੋ ਗੁਰਬਾਣੀ

ਵਿੱਚ (ਸੁਆਨੁ ਕੇ ਘਰਿ ਗਾਵਣਾ) ਆਉਂਦਾ ਹੈ ਇੱਹ ਤਾਰ ਸਪਤਕ 'ਰੇਂ' ਤੋਂ ਮੱਧ ਸਪਤਕ ਦੀ 'ਰੇ' ਤਕ ਮੀਂਡ ਲਉਣੀ ਹੈ। "

ਸਵਰ ਮੇਲ ਕਲਾ ਨਿਧਿ ਕ੍ਰਿਤ ਰਾਮਾਮਤਯ, ਸੰਮਤ ੧੬੭੨ ਵਿੱਚ ਮੇਲ ਪ੍ਰਕਰਣ ਵਿੱਚ, ਅਪਨੇ ਜਨਯ ਰਾਗਾਂ ਦੇ ਵਰਗੀਕਰਣ ਦੇ ਲਈ ੨੦ ਠਾਠਾਂ ਦੀ ਸਥਾਂਪਨਾ ਕੀਤੀ। ਇਸ ਗ੍ਰੰਥ ਵਿੱਚ ਰਾਗ-ਸ੍ਰੀ ਨੂੰ ਤੀਸਰਾ ਸਥਾਨ ਦਿੱਤਾ ਗਿਆ ਹੈ ਅਤੇ 'ਕਾਫੀ' ਸਵਰ ਪੱਧਤੀ ਦੇ ਅਧੀਨ ਮੰਨਿਆਂ ਗਿਆ ਹੈ।

ਮੱਧ ਕਾਲ ਵਿੱਚ 'ਸਿਰੀ' ਰਾਗ ਦਾ ਅਧੁਨਿਕ ਸਰੂਪ ਪ੍ਰਚਾਰ ਵਿੱਚ ਨਹੀਂ ਸੀ। ਉਨੀਵੀਂ ਸਦੀ ਦੇ ਪੂਰਵ ਭਾਰਤੀ ਸੰਗੀਤ ਵਿੱਚ ਪ੍ਰਚਲਤ ਸ਼ੁਧ ਥਾਟ ਅਧੁਨਿਕ 'ਕਾਫੀ' ਦੇ ਸਮਾਨ ਸੀ। ਥਾਟਾਂ / ਮੇਲਾਂ ਦੀ ਤਬਦੀਲੀ ਆਉਣ ਨਾਲ ਸਿਰੀ ਰਾਗ ਦੇ ਦੋ ਸਰੂਪ ਹੋਂਦ ਵਿੱਚ ਆਏ। ਗੁਰੂ ਕਾਲ ਨੂੰ ਧਿਆਨ ਵਿੱਚ ਰੱਖਦੇ ਹੋਏ ਕੀਰਤਨੀਆਂ ਨੂੰ ਮੱਧ ਕਾਲ ਵਿੱਚ ਪ੍ਰਚਲਤ ਕਾਫੀ ਥਾਟ ਦੇ ਸਿਰੀ ਵਿੱਚ ਹੀ ਸਬਦ ਕੀਰਤਨ ਕਰਨਾਂ ਚਾਹੀਦਾ ਹੈ।

ਕਾਫੀ ਥਾਟ ਦੇ ਸਿਰੀ / ਸ੍ਰੀ ਰਾਗ ਦਾ ਰਾਗਾਤਮਿਕ ਸਰੂਪ:

**ਥਾਟ:** ਕਾਫੀ **ਸਵਰ:** ਗੁ, ਨੁ ਕੋਮਲ, ਬਾਕੀ ਸ਼ੁੱਧ

**ਵਰਜਿਤ ਸਵਰ:** ਗ ਅਤੇ ਧ ਆਰੋਹ ਵਿੱਚ

**ਜਾਤੀ:** ਔੜਵ-ਸੰਪੂਰਨ

**ਵਾਦੀ:** ਰੇ **ਸੰਵਾਦੀ:** ਪ **ਗਾਇਨ ਸਮਾਂ:** ਸ਼ਾਮ ਵੇਲੇ

**ਆਰੋਹ:** ਸ ਰੇ ਮ ਪ ਨੀ ਸਂ

**ਅਵਰੋਹ:** ਸਂ ਨੀ ਧ ਪ, ਮ ਗੁ ਰੇ ਸ

**ਮੁੱਖ ਅੰਗ:** ਸ ਰੇ ਰੇ, ਸ ਰੇ, ਪਪ ਮ, ਗੁ ਰੇ ਸ

ਪੂਰਵੀ ਥਾਟ ਦੇ ਸਿਰੀ / ਸ੍ਰੀ ਰਾਗੁ ਦਾ ਰਾਗਾਤਮਿਕ ਸਰੂਪ

**ਥਾਟ:** ਪੂਰਵੀ **ਸਵਰ:** ਰੇ ਅਤੇ ਧੁ ਕੋਮਲ, **ਮ** ਤੀਵਰ ਬਾਕੀ ਸ਼ੁਧ

**ਵਰਜਿਤ ਸਵਰ:** ਗ ਅਤੇ ਧ ਆਰੋਹ ਵਿੱਚ

**ਜਾਤੀ:** ਔੜਵ-ਸੰਪੂਰਨ

**ਵਾਦੀ:** ਰੇ **ਸੰਵਾਦੀ:** ਪ **ਗਾਇਨ ਸਮਾਂ:** ਸ਼ਾਮ ਵੇਲੇ

**ਆਰੋਹ:** ਸ ਰੇ **ਮ** ਪ, ਨੀ ਸਂ

**ਅਵਰੋਹ:** ਸਂ ਨੀ ਧੁ ਪ, **ਮ** ਗ ਰੇ ਸ

**ਮੁੱਖ ਅੰਗ:** ਸ ਰੇ ਰੇ , ਸ ਰੇ ਪ, **ਮ** ਗ ਰੁ ਸ

ਵਿਸੇਸ਼ਤਾ: ਇੱਹ ਰਾਗ ਵਕਰਾਤਮਿਕ ਮੀਂਡ ਪ੍ਰਧਾਨ ਹੈ। ਗੰਭੀਰ ਪ੍ਰਕ੍ਰਿਤੀ ਅਤੇ ਭਗਤੀ ਰਸ ਦਾ ਰਾਗ ਹੈ। ਇਸ ਦਾ ਵਿਸਥਾਰ ਮੱਧ ਅਤੇ ਤਾਰ ਸਪਤਕ ਵਿੱਚ ਕੀਤਾ ਜਾਂਦਾ ਹੈ। ਆਮ ਤੌਰ ਤੇ ਭਗਤੀ ਭਾਵ ਦੀਆਂ ਕਾਵਿ ਰਚਨਾਵਾਂ ਨੂੰ ਗਾਇਨ ਕੀਤਾ ਜਾਂਦਾ ਹੈ।

# ਫਰਮਾਇਸ਼ੀ ਚਕਰਦਾਰ ਗਤਾਂ

ਪ੍ਰੋ. ਹਰਭਜਨ ਸਿੰਘ ਧਾਰੀਵਾਲ
(ਲਾਹੌਰ ਬਾਜ, ਪੰਜਾਬ ਘਰਾਣਾ)

ਤਬਲਾ ਸਿੱਖਆਰਥੀਆਂ ਲਈ ਝਪਤਾਲ, ਏਕ ਤਾਲ ਅਤੇ ਤਿੰਨ ਤਾਲ ਦੀਆਂ ਫਰਮਾਇਸ਼ੀ ਚਕਰਦਾਰ ਗਤਾਂ ਦੇ ਰਿਹਾਂ ਹਾਂ। ਇੱਹ ਗਤਾਂ ਉਨ੍ਹਾਂ ਵਿੱਦਿਆਰਥੀਆਂ ਲਈ ਹਨ ਜੋ ਘਰਾਣੇਦਾਰ ਉਸਤਾਦਾਂ ਕੋਲੇ ਵਿੱਧੀ-ਬੱਧ ਤਾਲੀਮ ਲੈ ਰਹੇ ਹਨ। ਬੋਲਾਂ ਦੇ ਨਿਕਾਸ ਜਾਂ ਵਧੇਰੇ ਜਾਣਕਾਰੀ ਲੈਣ ਲਈ ਸਿੱਖਿਆਰਥੀਆਂ ਮੈਨੂੰ +91-9814349658 ਤੇ ਮੈਨੂੰ ਵਟਸਐਪ ਮੈਸਿਜ ਕਰ ਸਕਦੇ ਹਨ।

ਜਦੋਂ ਕਿਸੇ ਤਿਹਾਈਦਾਰ ਗਤ ਨੂੰ ਤਿੰਨ ਵਾਰ ਇਸ ਤਰ੍ਹਾਂ ਵਾਇਆ ਜਾਏ ਕਿ ਬੰਦਿਸ਼ ਦੇ ਪਹਿਲੇ ਪੱਲੇ ਦਾ ਪਹਿਲਾ ਧਾ ਸਮ ਗ੍ਰਹਿਣ ਕਰੇ, ਦੂਜੇ ਪੱਲੇ ਦਾ ਦੂਸਰਾ ਧਾ ਸਮ ਗ੍ਰਹਿ ਕਰੇ ਅਤੇ ਬੰਦਿਸ਼ ਦੇ ਤੀਸਰੇ ਪੱਲੇ ਦਾ ਤੀਸਰਾ ਧਾ ਸਮ ਗ੍ਰਹਿਣ ਕਰੇ ਤਾਂ ਅਜਿਹੀ ਰਚਨਾਂ ਨੂੰ ਫਰਮਾਇਸ਼ੀ ਚਕਰਦਾਰ ਕਿਹਾ ਜਾਂਦਾ ਹੈ। ਫਰਮਾਇਸ਼ੀ ਚਕਰਦਾਰ ਗਤ ਇੱਕ ਕਠਿਨ ਅਤੇ ਬਹੁਤ ਖੂਬਸੂਰਤ ਰਚਨਾਂ ਹੁੰਦੀ ਹੈ।

**ਫਰਮਾਇਸ਼ੀ ਚਕਰਦਾਰ ਗਤ (ਪੰਜ ਅਰਸੇ ਦੀ) - ਝਪ ਤਾਲ:**

ਧਾਗੇਤਿਟ ਤਾਗੇਤਿਟ ਗਦਿਘਿੜ ਨਗਤਿਟ ਕਤਾਗਦਿ ਗੇਨਧਾ-
ਧੜਾਂ-ਨ੍ ਕਤਕਤਾ ਘੇਘੇਤਿਟ ਕਤਾ-ਨ

ਧਿੰਨ-ਤਿਟ, ਘੇਘੇਤਿਟ ਕਤਾ-ਨ ਧਿੰਨ-ਤਿਟ ਘੇਘੇਤਿਟ ਕਤਾ-ਨ
ਧਿੰਨ---, ਧਾਗੇਤਿਟ ਤਾਗੇਤਿਟ

ਗਦਿਘਿੜ ਨਗਤਿਟ ਕਤਾਗਦਿ ਗੇਨਧਾ- ਧੜਾਂ-ਨ੍ ਕਤਕਤਾ ਘੇਘੇਤਿਟ ਕਤਾ-ਨ੍ ਧਿੰਨ-ਤਿਟ, ਘੇਘੇਤਿਟ

ਕਤਾ-ਨ੍ ਧਿੰਨ-ਤਿਟ ਘੇਘੇਤਿਟ ਕਤਾ-ਨ੍ ਧਿੰਨ--- , ਧਾਗੇਤਿਟ ਤਾਗੇਤਿਟ ਗਦਿਘਿੜ ਨਗਤਿਟ

ਕਤਾਗਦਿ ਗੇਨਧਾ- ਧੜਾਂ-ਨ੍ ਕਤਕਤਾ ਘੇਘੇਤਿਟ ਕਤਾ-ਨ੍ ਧਿੰਨ-ਤਿਟ, ਘੇਘੇਤਿਟ ਕਤਾ-ਨ੍ ਧਿੰਨ-ਤਿਟ

ਘੇਘੇਤਿਟ ਕਤਾ-ਨ੍ । ਧਿੰਨ--- ,

**ਫਰਮਾਇਸ਼ੀ ਚਕਰਦਾਰ ਗਤ (ਪੰਜ ਅਰਸੇ ਦੀ) - ਏਕ ਤਾਲ:**

ਧੇ-ਧੇ- ਧਿਟਤਿਟ ਧੜਾ-ਨ੍ ਘੇਘੇਤਿਟ ਘੇਘੇਦੂੰ- ਘੇਘੇਤਿਟ ਕਤ-ਕ ਤਕਿਟਧੇ ਤਿਟਤਿਟ ਕਿਟਤਕ

ਧਿਰਧਿਰਕਿਟਤਕ ਤਕ੍ਕੜਾ-ਨ੍ ਧਿੰਨ---, ਧਿਰਧਿਰਕਿਟਤਕ ਤਕ੍ਕੜਾ-ਨ੍ ਧਿੰਨ---, ਧਿਰਧਿਰਕਿਟਤਕ

ਤਕ੍ਕੜਾ-ਨ੍ ਧਿੰਨ--- ---- ----, ਧੇ-ਧੇ- ਧਿਟਤਿਟ ਧੜਾ-ਨ੍ ਘੇਘੇਤਿਟ ਘੇਘੇਦੂੰ- ਘੇਘੇਤਿਟ

ਕਤ-ਕ ਤਕਿਟਧੇ ਤਿਟਤਿਟ ਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ੍ ਧਿੰਨ---, ਧਿਰਧਿਰਕਿਟਤਕ

ਤਕ੍ਕੜਾ-ਨ੍ ਧਿੰਨ---, ਧਿਰਧਿਰਕਿਟਤਕ ਤਕ੍ਕੜਾ-ਨ੍ ਧਿੰਨ--- ---- ----, ਧੇ-ਧੇ- ਧਿਟਤਿਟ

ਧੜਾ-ਨ੍ ਘੇਘੇਤਿਟ ਘੇਘੇਦੂੰ- ਘੇਘੇਤਿਟ ਕਤ-ਕ ਤਕਿਟਧੇ
ਤਿਟਤਿਟ ਕਿਟਤਕ ਧਿਰਧਿਰਕਿਟਤਕ ਤਕ੍ਕੜਾ-ਨ੍

ਧਿੰਨ---, ਧਿਰਧਿਰਕਿਟਤਕ ਤਕ੍ਕੜਾ-ਨ੍ ਧਿੰਨ---,
ਧਿਰਧਿਰਕਿਟਤਕ ਤਕ੍ਕੜਾ-ਨ੍ । ਧਿੰਨ---

**ਫਰਮਾਇਸ਼ੀ ਚਕਰਦਾਰ ਗਤ (ਪੰਜ ਅਰਸੇ ਦੀ) - ਤਿੰਨ ਤਾਲ:**

ਧਾਕਿਟਤਕ ਤਾ-ਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ
ਤਕ੍ਨਗਧੇਤ -ਕਿਟਤਾ-ਨ੍ ਧਿਨਾਕਿਟਤਕ ਤਾ-ਕਤ੍

ਤਾ-ਕਿਟਤਕ ਤਾ-ਕਤਾ ਗ-ਦਿ- ਘਿੜਨਗ ਕਧਿਰਧਿਰ
ਕਿਟਤਕਤਾ-ਨ੍ ਧਿਨਾਕਿਟਤਕ ਤਕ੍ਕੜਾਂ-ਨ੍ ਧਾ---

ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ ਤਕ੍ਕੜਾਂ-ਨ੍ ਧਾ---
ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ

ਤਕ੍ਕੜਾਂ-ਨ੍ ਧਾ---, ਧਾਕਿਟਤਕ ਤਾ-ਧਿਰਧਿਰ ਕਿਟਤਕਤਾ-ਨ੍
ਧਿਨਾਕਿਟਤਕ ਤਕ੍ਨਗਧੇਤ -ਕਿਟਤਾ-ਨ੍

ਧਿਨਾਕਿਟਤਕ ਤਾ-ਕਤ੍ ਤਾ-ਕਿਟਤਕ ਤਾ-ਕਤਾ ਗ-ਦਿ-
ਘਿੜਨਗ ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ

ਤਕ੍ਕੜਾਂ-ਨ੍ ਧਾ--- ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ
ਤਕ੍ਕੜਾਂ-ਨ੍ ਧਾ--- ਕਧਿਰਧਿਰ

ਕਿਟਤਕਤਾ-ਨ੍ ਧਿਨਾਕਿਟਤਕ ਤਕ੍ਕੜਾਂ-ਨ ਧਾ---, ਧਾਕਿਟਤਕ
ਤਾ-ਧਿਰਧਿਰ ਕਿਟਤਕਤਾ-ਨ੍

ਧਿਨਾਕਿਟਤਕ ਤਕ੍ਨਗਧੇਤ -ਕਿਟਤਾ-ਨ੍ ਧਿਨਾਕਿਟਤਕ ਤਾ-ਕਤ੍ ਤਾ-ਕਿਟਤਕ ਤਾ-ਕਤਾ ਗ-ਦਿ- ਘਿੜਨਗ

ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ ਤਕ੍ਕੜਾਂ-ਨ੍ ਧਾ--- ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ

ਤਕ੍ਕੜਾਂ-ਨ੍ ਧਾ--- ਕਧਿਰਧਿਰ ਕਿਟਤਕਤਾ-ਨ੍ ਧਿਨਾਕਿਟਤਕ ਤਕ੍ਕੜਾਂ-ਨ । ਧਾ---

#੩੪੦, ਸੰਗੀਤ ਵਿਲਾਸ, ਬੇਦੀ ਕਲੋਨੀ, ਧਾਰੀਵਾਲ

ਜਿਲ੍ਹਾ: ਗੁਰਦਾਸਪੁਰ, ਪੰਜਾਬ (ਭਾਰਤ)

ਫੋਨ ਨੰ: +91-98143 49658

# ਗੁਰਮਤਿ ਸੰਗੀਤ ਵਿਭਾਗ

## ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ

## ਅਤੇ

## ਗੁਰਮਤਿ ਸੰਗੀਤ ਸੁਸਾਇਟੀ, ਚੰਡੀਗੜ੍ਹ

## ਵਲੋਂ

# ਬਾਰਵਾਂ ਸਰਬ ਭਾਰਤੀ ਸ਼ਬਦ ਗਾਇਨ ਮੁਕਾਬਲਾ

# (12th All India Shabad Gayan Competition)

ਵਿਖੇ

## ਗੁਰਦੁਆਰਾ ਸ਼੍ਰੀ ਗੁਰੂ ਤੇਗ ਬਹਾਦਰ, ਸੈਕਟਰ-34, ਚੰਡੀਗੜ੍ਹ।

**(ਸਪੈਸ਼ਲ ਇਨਾਮ: ਕੇਵਲ ਗਰੁੱਪ ਸ਼ਬਦ ਗਾਇਨ (Senior Group Shabad Category Only)**

ਰੁ: 21000/- ਪਹਿਲਾ ਇਨਾਮ, ਰੁ: 11000/- ਦੂਜਾ ਇਨਾਮ ਅਤੇ ਰੁ: 5100/- ਤੀਜਾ ਇਨਾਮ

**ਵਿਅਕਤੀਗਤ (Individual) ਅਤੇ ਗਰੁੱਪ ਸ਼ਬਦ (Group Shabad) ਗਾਇਨ ਮੁਕਾਬਲੇ ਵਿੱਚ ਪਹਿਲੀ, ਦੂਜੀ ਅਤੇ ਤੀਜੀ ਜੇਤੂ ਟੀਮ ਨੂੰ ਵਿਸ਼ੇਸ਼ ਇਨਾਮ, ਟ੍ਰਾਫਿਆਂ ਅਤੇ ਸਰਟੀਫਿਕੇਟ ਦਿੱਤੇ ਜਾਣਗੇ।**

## 13 ਦਸੰਬਰ 2024-ਸਮਾਂ 9.00 ਵਜੇ (ਸਵੇਰ)

## ਸਾਧ ਸੰਗਤ ਜੀਓ

## ॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕਿ ਫ਼ਤਿਹ ॥

ਗੁਰੂ ਕਿਰਪਾ ਸਦਕੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ਼ ਨਿਰਧਾਰਿਤ ਰਾਗਾਂ ਤੇ ਆਧਾਰਿਤ "ਬਾਰਵੇਂ ਸਰਬ ਭਾਰਤੀ ਸ਼ਬਦ ਗਾਇਨ ਮੁਕਾਬਲੇ" ਦਾ ਆਯੋਜਨ ਕੀਤਾ ਜਾ ਰਿਹਾ ਹੈ। ਜਿਸਦਾ ਮੁੱਖ ਮੰਤਵ ਗੁਰੂ ਕਾਲ ਤੋਂ ਚੱਲੀ ਆ ਰਹੀ ਕੀਰਤਨ ਦੀ ਪ੍ਰਾਚੀਨ ਪਰੰਪਰਾ ਅਤੇ ਮਰਿਯਾਦਾ ਦਾ ਦੇਸ਼-ਵਿਦੇਸ਼ਾਂ ਵਿੱਚ ਪ੍ਰਸਾਰ ਕਰਨਾ ਹੈ ਅਤੇ ਅੱਜ ਦੀ ਨੌਜਵਾਨ ਪੀੜੀ ਨੂੰ ਗੁਰੂ ਕੀਰਤਨ ਦੀ ਪ੍ਰਾਚੀਨ ਪਰੰਪਰਾ ਨਾਲ ਜਾਣੂ ਅਤੇ ਜਾਗਰੂਕ ਕਰਵਾਉਣਾ ਹੈ ।

## ਵਿਸ਼ੇਸ ਸਨਮਾਨ (For Lifetime Achievement Awards)



**ਡਾ. ਜਾਗੀਰ ਸਿੰਘ ਜੀ**
(ਸਿਖ ਪੰਥ ਦੇ ਮਹਾਨ ਕੀਰਤਨਿਏ ਅਤੇ ਦਾਰਸ਼ਨਿਕ)



**ਉਸਤਾਦ ਸੁਖਵੰਤ ਸਿੰਘ ਜੀ**
(ਚੇਅਰਮੈਨ-ਬਾਬਾ ਸੁਚਾ ਸਿੰਘ ਗੁਰਮਤਿ ਸੰਗੀਤ ਅਕੈਡਮੀ)



**ਜੱਥੇਦਾਰ ਸੁਖਵਿੰਦਰ ਸਿੰਘ ਜੀ**
(ਚੇਅਰਮੈਨ-ਖਾਲਸਾ ਹੈਰੀਟੇਜ, ਜਲੰਧਰ)



**ਸ. ਅਮਰਦੀਪ ਸਿੰਘ ਜੀ**
(Eminent Scholar/Author/ Visual Ethnographic)



**ਸ. ਹਰਜੀਤ ਸਿੰਘ ਜੀ ਸਬਰਵਾਲ**
(ਪ੍ਰਧਾਨ-ਤੇਰਾ ਹੀ ਤੇਰਾ ਮਿਸ਼ਨ)

## ਨੋਟ:

1. ਇਨਾਮ ਦੀ ਵੰਡ ਜੇਤੂ ਵਿਦਿਆਰਥੀਆਂ ਨੂੰ ਮਿਤੀ 13 ਦਸੰਬਰ 2024 ਨੂੰ ਸ਼ਾਮ 8.00 ਵਜੇ ਕੀਤੀ ਜਾਵੇਗੀ।
2. ਲੰਗਰ ਅਤੇ ਰਹਿਣ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।
3. ਫਾਰਮ ਭੇਜਣ ਅਤੇ ਹੋਰ ਪੁੱਛਗਿੱਛ ਲਈ: ਸਵੇਰੇ 8.00 ਤੋਂ 9.00 ਅਤੇ ਸ਼ਾਮ 5.00 ਤੋਂ 6.00 ਵਜੇ।
4. ਵਿਅਕਤੀਗਤ (Individual) ਸ਼ਬਦ ਗਾਇਨ ਅਤੇ ਗਰੁੱਪ ਸ਼ਬਦ ਗਾਇਨ ਦੇ ਵੱਖ ਵੱਖ ਸ੍ਰੇਣੀਆਂ ਹਨ ।

**# 1224, Sector 33-C, Chandigarh-160020, Cont. : 9316114764**

**ਡਾ. ਸ਼ੋਭਾ ਕੋਸਰ**
ਰਜਿਸਟਰਾਰ, ਪੀ.ਕੇ.ਕੇ., ਚੰਡੀਗੜ੍ਹ

**ਸ੍ਰੀ ਸਜਲ ਕੋਸਰ**
ਸੈਕਟਰੀ, ਪੀ.ਕੇ.ਕੇ., ਚੰਡੀਗੜ੍ਹ

**ਡਾ. ਮਲਕੀਤ ਸਿੰਘ ਜੰਡਿਆਲਾ, ਐਡਵੋਕੇਟ (ਪ੍ਰਧਾਨ)**
ਐਚ.ਓ.ਡੀ. ਗੁਰਮਤਿ ਸੰਗੀਤ ਵਿਭਾਗ ਪ੍ਰਾਚੀਨ ਕਲਾ ਕੇਂਦਰ, ਚੰਡੀਗੜ੍ਹ

**ਸ. ਜਗਦੀਪ ਸਿੰਘ (ਕੇਨੇਡਾ)**
ਸੈਕਟਰੀ, Cell No. 00 1 (780) 667-1982

www.alpoverseas.com

THE ALP GROUP

# LEADERS IN EPDM & RUBBER
## Polymer based products







## GLOBAL PRESENCE




Manufactured and Marketed by: **ALP OVERSEAS PVT. LTD.**

**Corporate Office**: Plot No. 32, Sector-18 HUDA, Gurgaon, Haryana - 122015 (INDIA)

**Telephone**: +91-124-4731500 | **Website**: www.alpoverseas.com